ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ

99155-94111

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ਨੀਵਾਰ, 28 ਸਤੰਬਰ 2024

Email:- lokbani08@gmail.com






R. N. I. Punpun/29016/2008 * ਸਾਲ 16 , * ਅੰਕ : 111, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181–2211009 * M : 99155-94111



DIPS IMT

DIPS INSTITUTE OF MANAGEMENT & TECHNOLOGY

RAMNEEK AVENUE, PATHANKOT BYE PASS JALANDHAR CITY

www.dipsimt@gmail.com ( dipsimt@gmail.com )

CONTACT : 95010-00697 , 97806-00998


## ਪ੍ਰਸਿੱਧ ਅਦਾਕਾਰਾ ਮੈਂਗੀ ਸਮਿਥ ਦੀ ਹੋਈ ਮੌਤ



**ਲੰਡਨ ਲੋਕ ਬਾਣੀ--** ਆਸਕਰ ਜੇਤੂ ਹੈਰੀ ਪੌਟਰ ਪ੍ਰਸਿੱਧ ਅਦਾਕਾਰਾ ਮੈਗੀ ਸਮਿਥ ਦਾ 89 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਹੈ। ਸਮਿਥ ਦੇ ਪੁੱਤਰਾਂ, ਕ੍ਰਿਸ ਲਾਰਕਿਨ ਅਤੇ ਟੋਬੀ ਸਟੀਫਨਜ਼ ਨੇ ਇਕ ਬਿਆਨ ਵਿਚ ਕਿਹਾ ਕਿ ਸਮਿਥ ਦਾ ਲੰਡਨ ਦੇ ਇਕ ਹਸਪਤਾਲ ਵਿਚ ਦਿਹਾਂਤ ਹੋ ਗਿਆ । ਮੈਗੀ ਸਮਿਥ ਨੂੰ ਹਾਲੀਵੁੱਡ ਦੇ ਮਹਾਨ ਕਲਾਕਾਰਾਂ ਵਿਚ ਗਿਣਿਆ ਜਾਂਦਾ ਸੀ। ਮੈਗੀ ਨੇ 1969 ਚ ਦਿ ਪ੍ਰਾਈਮ ਆਫ ਮਿਸ ਜੀਨ ਬ੍ਰੋਡੀ ਲਈ ਆਸਕਰ ਜਿੱਤਿਆ ਸੀ। ਇਸ ਤੋਂ ਇਲਾਵਾ, ਉਨ੍ਹਾਂ ਨੇ 21ਵੀਂ ਸਦੀ ਵਿਚ ਡਾਊਨਟਨ ਐਬੇ ਵਿਚ ਗ੍ਰਾਂਥਮ ਦੀ ਡੋਂਗਰ ਕਾਊਂਟੇਸ ਅਤੇ ਹੈਰੀ ਪੌਟਰ ਫਿਲਮਾਂ ਵਿਚ ਪ੍ਰੋਫੈਸਰ ਮਿਨਰਵਾ ਮੈਕਗੋਨਾਗਲ ਦੇ ਰੂਪ ਵਿਚ ਬਹੁਤ ਹੀ ਪਸੰਦ ਕੀਤਾ ਗਿਆ ।

## ਕੈਨੇਡਾ ਚ ਟਰੂਡੋ ਸਰਕਾਰ ਨੂੰ ਡੇਗਣ ਲਈ ਕੀਤੀ ਜਾ ਰਹੀ ਹੈ ਮੁੜ ਕੋਸ਼ਿਸ਼



**ਕੈਨੇਡਾ, ਲੋਕ ਬਾਣੀ**--ਕੈਨੇਡਾ ਦੇ ਟੋਰੀ ਆਗੂ ਪੀਅਰੇ ਪੋਲੀਵਰ ਨੇ ਘੱਟ ਗਿਣਤੀ ਟਰੂਡੋ ਸਰਕਾਰ ਨੂੰ ਹਟਾਉਣ ਲਈ ਆਪਣੀ ਪਹਿਲੀ ਨਾਕਾਮੀ ਦੇ ਬਾਵਜੂਦ ਹੌਸਲਾ ਨਹੀਂ ਹਾਰਿਆ ਤੇ ਅੱਜ ਦੂਜੀ ਵਾਰ ਬੇਭਰੋਸਗੀ ਮਤਾ ਸੰਸਦ ਵਿੱਚ ਪੇਸ਼ ਕੀਤਾ ਹੈ। ਇਸ ਮਤੇ ’ਤੇ ਬਹਿਸ ਮਗਰੋਂ ਮੰਗਲਵਾਰ ਨੂੰ ਵੋਟਿੰਗ ਕਰਵਾਈ ਜਾ ਸਕਦੀ ਹੈ। ਪਹਿਲੇ ਮਤੇ ’ਚ ਕਿਸੇ ਵੀ ਹੋਰ ਪਾਰਟੀ ਦੇ ਕਿਸੇ ਸੰਸਦ ਮੈਂਬਰ ਵਲੋਂ ਹਮਾਇਤ ਦੀ ਥਾਂ ਸਰਕਾਰ ’ਚ ਭਰੋਸਾ ਪ੍ਰਗਟਾਉਣ ਕਰਕੇ ਮਤਾ ਪਾਸ ਨਹੀਂ ਸੀ ਹੋ ਸਕਿਆ। ਬੇਭਰੋਸਗੀ ਮਤੇ ਦੇ ਹੱਕ ’ਚ 120 ਜਦਕਿ ਵਿਰੋਧ 211 ਵੋਟਾਂ ਪਈਆਂ ਸਨ। ਪੀਅਰੇ ਪੋਲੀਵਰ ਦੇ ਦਸਤਖਤਾਂ ਹੇਠ ਦੂਜਾ ਮਤਾ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਟੋਰੀ ਸੰਸਦ ਮੈਂਬਰ ਲੱਕ ਬੈਰਥੋਡ ਵੱਲੋਂ ਸੰਸਦ ਸਾਹਮਣੇ ਰੱਖਿਆ ਗਿਆ।

## ਭਾਰਤ ਦੇ ਇਲਾਕੇ ਵਿੱਚ ਗਸ਼ਤ ਕਰਨ ਲਈ ਚੀਨ ਨੇ ਮੰਗੀ ਇਜਾਜ਼ਤ



**ਦਿੱਲੀ, ਲੋਕ ਬਾਣੀ**--ਭਾਰਤ ਅਤੇ ਚੀਨ ਵਿਚਕਾਰ ਅਸਲ ਕੰਟਰੋਲ ਰੇਖਾ ’ਤੇ ਵਿਵਾਦਾਂ ਦੀ ਸੂਚੀ ਹੋਰ ਲੰਬੀ ਹੁੰਦੀ ਜਾ ਰਹੀ ਹੈ। ਚੀਨ ਨੇ 21ਵੇਂ ਗੇੜ ਦੀ ਫੌਜੀ ਗੱਲਬਾਤ ਦੌਰਾਨ ਭਾਰਤੀ ਵਾਰਤਾਕਾਰਾਂ ਨੂੰ ਸੁਝਾਅ ਦਿੱਤਾ ਕਿ ਅਰੁਣਾਚਲ ਪ੍ਰਦੇਸ਼ ’ਚ ਅਸਲ ਕੰਟਰੋਲ ਰੇਖਾ ਨਾਲ ਲਗਦੇ ਦੋ ਸੰਵੇਦਨਸ਼ੀਲ ਇਲਾਕਿਆਂ ’ਚ ਉਸ ਦੇ ਜਵਾਨਾਂ ਨੂੰ ਗਸ਼ਤ ਦੀ ਇਜਾਜ਼ਤ ਦਿੱਤੀ ਜਾਵੇ। ਦੋਵੇਂ ਥਾਵਾਂ ਦਹਾਕਿਆਂ ਤੋਂ ਭਾਰਤ ਦੇ ਕਬਜ਼ੇ ਹੇਠ ਹਨ। ਇਨ੍ਹਾਂ ’ਚੋਂ ਇਕ ਯਾਂਗਤਸੇ ਖ਼ਿੱਤਾ ਹੈ ਜਿਥੇ ਦਸੰਬਰ 2022 ’ਚ ਭਾਰਤ ਅਤੇ ਚੀਨ ਦੇ ਜਵਾਨਾਂ ਵਿਚਕਾਰ ਝੜਪ ਹੋਈ ਸੀ। ਦੂਜਾ ਸਥਾਨ ਸੁਬਨਸਿਰੀ ਦਰਿਆ ਦੀ ਘਾਟੀ ਦੇ ਨਾਲ ਮੱਧ ਅਰੁਣਾਚਲ ਪ੍ਰਦੇਸ਼ ’ਚ ਮੌਜੂਦ ਹੈ। ਸੂਤਰਾਂ ਨੇ ਕਿਹਾ ਕਿ ਇਹ ਨਾਜਾਇਜ਼ ਅਤੇ ਤਰਕਹੀਣ ਮੰਗਾਂ ਹਨ।

## ਪਰਾਲੀ ਮਾਮਲੇ ਵਿੱਚ ਸੁਪਰੀਮ ਕੋਰਟ ਹੋਈ ਸਖਤ



**ਦਿੱਲੀ, ਲੋਕ ਬਾਣੀ**--ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਸਣੇ ਕੌਮੀ ਰਾਜਧਾਨੀ ਖੇਤਰ ਨਾਲ ਲੱਗਦੇ ਗੁਆਂਢੀ ਰਾਜਾਂ ਵਿਚ ਪਰਾਲੀ ਸਾੜਨ ਕਰਕੇ ਦਿੱਲੀ ’ਚ ਹਵਾ ਪ੍ਰਦੂਸ਼ਣ ਨੂੰ ਨੱਥ ਪਾਉਣ ਵਿਚ ਨਾਕਾਮ ਰਹਿਣ ਕਾਰਨ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀਏਕਿਊਐੱਮ) ਦੀ ਅੱਜ ਝਾੜਝੰਬ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਕਮਿਸ਼ਨ ਨੂੰ ਇਸ ਮਸਲੇ ਦੇ ਹੱਲ ਲਈ ਵਧੇਰੇ ਸਰਗਰਮ ਪਹੁੰਚ ਅਪਣਾਉਣ ਦੀ ਲੋੜ ਹੈ। ਕਮਿਸ਼ਨ ਵੱਲੋਂ ਪ੍ਰਦੂਸ਼ਣ ਕੰਟਰੋਲ ਕਰਨ ਲਈ ਚੁੱਕੇ ਕਦਮਾਂ ’ਤੇ ਨਾਰਾਜ਼ਗੀ ਜਤਾਉਂਦਿਆਂ ਜਸਟਿਸ ਅਭੈ ਐੱਸ.ਓਕਾ ਤੇ ਜਸਟਿਸ ਅਗਸਟੀਨ ਜੌਰਜ ਮਸੀਹ ਦੇ ਬੈਂਚ ਨੇ ਕਿਹਾ

## ਜੰਮੂ ਕਸ਼ਮੀਰ ਵਿਚ ਬਰਾਮਦ ਹੋਈ ਇਤਰਾਜ਼ਯੋਗ ਸਮੱਗਰੀ




**ਜੰਮੂ ਕਸ਼ਮੀਰ, ਲੋਕ ਬਾਣੀ** --- ਜੂਨ ਚ ਸ਼ਿਵ ਖੋਦੀ ਮੰਦਰ ਤੋਂ ਪਰਤ ਰਹੇ ਸ਼ਰਧਾਲੂਆਂ ਦੀ ਬੱਸ ਤੇ ਹੋਏ ਅੱਤਵਾਦੀ ਹਮਲੇ ਦੀ ਜਾਂਚ ਦੇ ਹਿੱਸੇ ਵਜੋਂ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਰਾਜੌਰੀ ਅਤੇ ਰਿਆਸੀ ਜ਼ਿਲ੍ਹਿਆਂ ਚ ਕਈ ਥਾਵਾਂ ਤੇ ਛਾਪੇਮਾਰੀ ਕੀਤੀ। ਇਕ ਅਧਿਕਾਰਤ ਬਿਆਨ ਅਨੁਸਾਰ ਤਲਾਸ਼ੀ ਦੌਰਾਨ ਅੱਤਵਾਦੀਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਵਿਚਾਲੇ ਸੰਬੰਧਾਂ ਨੂੰ ਦਰਸਾਉਂਦੀ ਸਮੱਗਰੀ ਜ਼ਬਤ ਕੀਤੀ ਗਈ। ਸਮੱਗਰੀ ਦੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਸਰਕਾਰ ਤੋਂ ਰਾਜਪਾਲ ਨੇ ਬੁੱਢਾ ਨਾਲਾ ਦੀ ਮੰਗੀ ਰਿਪੋਰਟ



**ਚੰਡੀਗੜ੍ਹ, ਵਿਨੋਦ ਸ਼ਰਮਾ**--ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਲੁਧਿਆਣਾ ਦੇ ਬੁੱਢੇ ਨਾਲੇ ਦੇ ਪ੍ਰਦੂਸ਼ਣ ਬਾਰੇ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਹੈ। ਨਵੇਂ ਰਾਜਪਾਲ ਕਟਾਰੀਆ ਨੇ ਪਹਿਲੀ ਦਫ਼ਾ ਇਹ ਰਿਪੋਰਟ ਮੰਗੀ ਹੈ, ਜਿਸ ਤੋਂ ਕਈ ਨਵੇਂ ਸਿਆਸੀ ਸੰਕੇਤ ਵੀ ਮਿਲ ਰਹੇ ਹਨ। ਪਿਛਲੇ ਦਿਨੀਂ ਰਾਜਪਾਲ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਪੰਜਾਬ ਪੰਚਾਇਤੀ ਰਾਜ ਐਕਟ 1994 ਵਿੱਚ ਕੀਤੀ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਸੀ ਪਰ ਬਾਕੀ ਬਿੱਲਾਂ ਦਾ ਹਾਲੇ ਤੱਕ ਥਹੁ ਪਤਾ ਨਹੀਂ ਲੱਗਿਆ।

ਰਾਜਪਾਲ ਨੇ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਬੁੱਢੇ ਨਾਲੇ ਦੇ ਪ੍ਰਦੂਸ਼ਣ ਬਾਰੇ ਕਾਰਵਾਈ ਰਿਪੋਰਟ ਮੰਗੀ ਹੈ, ਜਿਸ ਸਬੰਧੀ ਸੂਬਾ ਸਰਕਾਰ ਨੇ ਤਿਆਰੀ ਵਿੱਢ ਦਿੱਤੀ ਹੈ। ਪਹਿਲਾਂ ਅੰਤਰ ਵਿਭਾਗੀ ਬਣਾਏ ਜਾਣ ਦੀ ਗੱਲ ਵੀ ਚੱਲੀ ਸੀ ਪਰ ਹੁਣ ਪੰਜਾਬ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਵੇਰਵੇ ਮੰਗੇ ਗਏ ਹਨ

## ਪੰਜਾਬ ਸਰਕਾਰ ਖ਼ਿਲਾਫ਼ ਖੰਨਾ ਦੀ ਅਨਾਜ ਮੰਡੀ ਵਿੱਚ ਲੱਗੇ ਨਾਅਰੇ



**ਲੁਧਿਆਣਾ, ਸੁਖਚੈਨ ਮਹਿਰਾ**-- ਅੱਜ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿਚ ਅਨਾਜ ਮੰਡੀ ਮਜ਼ਦੂਰ ਯੂਨੀਅਨ ਪੰਜਾਬ ਦੇ ਚੇਅਰਮੈਨ ਦਰਸ਼ਨ ਲਾਲ ਦੀ ਅਗਵਾਈ ਹੇਠ ਪ੍ਰਧਾਨ ਰਾਕੇਸ਼ ਕੁਮਾਰ ਤੂਲੀ ਦੇ ਹੁਕਮਾਂ ਉਤੇ ਪੰਜਾਬ ਸਰਕਾਰ ਖਿਲਾਫ ਮੰਗਾਂ ਨਾ ਮੰਨਣ ਤੇ ਨਾਅਰੇਬਾਜ਼ੀ ਕੀਤੀ ਗਈ। ਇਸ ਦੌਰਾਨ ਕਿਹਾ ਕਿ 1 ਅਕਤੂਬਰ ਨੂੰ ਪੰਜਾਬ ਭਰ ਦੀਆਂ ਮੰਡੀਆਂ ਵਿਚ ਮਜ਼ਦੂਰ ਹੜਤਾਲ ਉਤੇ ਜਾਣਗੇ ਅਤੇ ਮੰਡੀ ਵਿਚ ਆਉਣ ਵਾਲੀ ਝੋਨੇ ਦੀ ਫ਼ਸਲ ਨੂੰ ਨਾ ਮਜ਼ਦੂਰ ਟਰਾਲੀਆਂ ਵਿਚੋਂ ਲਾਹੁਣਗੇ, ਨਾ ਲੋਡਿੰਗ ਕਰਨਗੇ।

## ਜਲੰਧਰ ਚ ਸਰਪੰਚ ਦੀ ਚੋਣ ਲੱੜ ਰਹੇ ਵਿਅਕਤੀ ਹੋਇਆ ਹਮਲਾ




**ਜਲੰਧਰ, ਬਿੱਟੂ ਫੋਲੜੀਵਾਲ** -
ਪੰਜਾਬ ਵਿੱਚ ਆਪ ਸਰਕਾਰ ਆਉਣ ਤੋ ਬਾਅਦ ਕਾਨੂੰਨ ਵਿਵਸਥਾ ਦਾ ਬੂਰਾ ਹਾਲ ਹੈ ਤਾਜ਼ਾ ਮਾਮਲਾ ਜਲੰਧਰ ਦਾ ਹੈ ਜਿਥੇ ਸਾਬਕਾ ਸਰਪੰਚ ’ਤੇ ਸਰਪੰਚ ਦੀ ਚੋਣ ਨੂੰ ਲੈ ਕੇ ਕੁਝ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸਾਬਕਾ ਸਰਪੰਚ ਹਰਜਿੰਦਰ ਬੂਟੀ ਦੇ ਪੁੱਤਰ ਨੀਰਜ ਨੇ ਦੱਸਿਆ ਕਿ ਬੀਤੀ ਰਾਤ 8 ਵਜੇ ਦੇ ਕਰੀਬ ਉਸ ਦਾ ਪਿਤਾ ਨਾਲ ਵਾਲੀ ਦੁਕਾਨ ’ਤੇ ਬੈਠਾ ਸੀ ਅਤੇ ਉਹ ਅਤੇ ਉਸ ਦੀ ਭੈਣ ਆਪਣੀ ਦੁਕਾਨ ’ਤੇ ਬੈਠੇ ਸਨ।

## ਮੌਸਮ ਦੇ ਅਲਰਟ ਕਾਰਨ ਦੋ ਦਿਨ ਸਕੂਲ ਕਾਲਜ ਕੀਤੇ ਗਏ ਬੰਦ




**ਆਂਧਰਾ ਪ੍ਰਦੇਸ਼, ਲੋਕ ਬਾਣੀ** --ਬੰਗਾਲ ਦੀ ਖਾੜੀ ਵਿੱਚ ਘੱਟ ਦਬਾਅ ਪ੍ਰਣਾਲੀ ਦੇ ਕਮਜ਼ੋਰ ਹੋਣ ਅਤੇ ਇਸ ਦੇ ਪੱਛਮ-ਉੱਤਰ-ਪੱਛਮ ਵੱਲ ਤੇਜ਼ੀ ਨਾਲ ਵਧਣ ਕਾਰਨ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਦੇ ਤੇਲਗੂ ਰਾਜਾਂ ਵਿੱਚ ਕਈ ਥਾਵਾਂ ਤੇ ਭਾਰੀ ਮੀਂਹ ਦੀ ਸੰਭਾਵਨਾ ਹੈ। ਖ਼ਰਾਬ ਮੌਸਮ ਕਾਰਨ ਏਜੰਸੀ ਨੇ ਅਲਰਟ ਜਾਰੀ ਕਰ ਕੇ ਮਛੇਰਿਆਂ ਨੂੰ ਪਾਣੀ ਤੋਂ ਦੂਰ ਰਹਿਣ ਲਈ ਕਹਿ ਦਿੱਤਾ ਹੈ ਤੇ ਸਕੂਲ ਕਾਲਜ ਦੋ ਦਿਨ ਲਈ ਬੰਦ ਕੀਤੇ ਗਏ ਹਨ


ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਵਿਜੀਲੈਂਸ ਬਿਊਰੋ ਨੇ 5000 ਰੁਪਏ ਰਿਸ਼ਵਤ ਲੈਣ ਵਾਲੇ ਸਹਾਇਕ ਸਬ-ਇੰਸਪੈਕਟਰ ਨੂੰ ਕੀਤਾ ਗ੍ਰਿਫਤਾਰ




ਚੰਡੀਗੜ੍ਹ, (ਲੋਕ ਬਾਣੀ) – ਪੰਜਾਬ ਵਿਜੀਲੈਂਸ ਬਿਊਰੋ ਨੇ ਪੁਲਿਸ ਥਾਣਾ ਰਾਮਾ ਮੰਡੀ, ਜਿਲਾ ਜਲੰਧਰ ਅਧੀਨ ਪੁਲਿਸ ਚੌਕੀ ਦਕੋਹਾ ਵਿਖੇ ਤਾਇਨਾਤ ਪੁਲਿਸ ਦੇ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਮਨਜੀਤ ਸਿੰਘ (ਨੰਬਰ 2707) ਨੂੰ 5000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਨੂੰ ਮਾਨ ਸਿੰਘ ਨਗਰ, ਰਾਮਾ ਮੰਡੀ, ਜਲੰਧਰ ਨਿਵਾਸੀ ਮਨਜੀਤ ਰਾਏ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਉਪਰ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ਤੇ ਗ੍ਰਿਫਤਾਰ ਕੀਤਾ ਗਿਆ ਹੈ।

ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਸਨੇ ਆਪਣੀ ਲੜਕੀ ਨੂੰ ਅਗਵਾ ਕਰਨ ਖਿਲਾਫ ਕੁਝ ਵਿਅਕਤੀਆਂ ਵਿਰੁੱਧ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਅਤੇ ਉਪਰੋਕਤ ਏ.ਐਸ.ਆਈ. ਨੇ ਉਸਦੀ ਲੜਕੀ ਦਾ ਪਤਾ ਲਗਾਉਣ ਬਦਲੇ 5,000 ਰੁਪਏ ਦੀ ਨਜਾਇਜ਼ ਰਿਸ਼ਵਤ ਹਾਸਲ ਕੀਤੀ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਉਕਤ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸਹੀ ਪਾਏ ਗਏ ਹਨ ਅਤੇ ਉਕਤ ਪੁਲਿਸ ਮੁਲਾਜ਼ਮ ਵੱਲੋ 5000 ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ ਸਾਬਤ ਹੋਇਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਜਾਂਚ ਰਿਪੋਰਟ ਦੇ ਆਧਾਰ ਤੇ ਉਕਤ ਪੁਲਿਸ ਮੁਲਾਜ਼ਮ ਖਿਲਾਫ ਵਿਜੀਲੈਂਸ ਬਿਓਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਪੁਲੀਸ ਮੁਲਾਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਸੀ।

# ਚੰਡੀਗੜ੍ਹ ਚ ਨੌਜਵਾਨ ਨਾਲ 4 ਲੱਖ ਦੀ ਠੱਗੀ, ਡਾਲਰ ਬਦਲੇ ਰੁਪਈਆਂ ਦਾ ਹੋਇਆ ਸੌਦਾ

ਚੰਡੀਗੜ੍ਹ-(ਲੋਕ ਬਾਣੀ) ਚੰਡੀਗੜ੍ਹ ਦੇ ਮਨੀਮਾਜਰਾ ਸਥਿਤ ਐਨਏਸੀ ਨੇੜੇ ਦੋ ਨੌਜਵਾਨਾਂ ਨੇ 10 ਲੱਖ ਡਾਲਰ ਬਦਲੇ ਜਾਣ ਦੇ ਬਹਾਨੇ ਇੱਕ ਵਿਅਕਤੀ ਤੋਂ ਚਾਰ ਲੱਖ ਰੁਪਏ ਠੱਗ ਲਏ। ਤੰਗ ਗਲੀਆਂ ਦਾ ਫਾਇਦਾ ਉਠਾਉਂਦੇ ਹੋਏ ਮੁਲਜ਼ਮ ਐਕਟਿਵਾ ਤੇ ਫ਼ਰਾਰ ਹੋ ਗਏ। ਕਾਲਕਾ ਵਾਸੀ ਹਰਸ਼ ਨੇ ਆਪਣੀ ਸ਼ਿਕਾਇਤ ਵਿੱਚ ਇਸ ਧੋਖਾਧੜੀ ਦਾ ਖੁਲਾਸਾ ਕਰਦਿਆਂ ਕਿਹਾ ਕਿ ਉਸ ਨੂੰ ਡਾਲਰਾਂ ਨਾਲ ਭਰੇ ਬੈਗ ਦੇ ਬਦਲੇ ਸਿਰਫ਼ ਅਖ਼ਬਾਰ ਹੀ ਮਿਲੇ ਹਨ। ਸ਼ਿਕਾਇਤ ਦੇ ਆਧਾਰ ਤੇ ਮਨੀਮਾਜਰਾ ਥਾਣਾ ਪੁਲਸ ਨੇ ਡੀ.ਡੀ. ਆਰ. ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲੀਸ ਸੀਸੀਟੀਵੀ ਫੁਟੇਜ ਨੂੰ ਸਕੈਨ ਕਰਕੇ ਮੁਲਜ਼ਮਾਂ ਦੀ ਪਛਾਣ ਕਰਨ ਵਿੱਚ ਲੱਗੀ ਹੋਈ ਹੈ।

ਕਾਲਕਾ ਚ ਦੁੱਧ ਦੀ ਦੁਕਾਨ ਚਲਾਉਣ ਵਾਲੇ 10 ਲੱਖ ਡਾਲਰ ਦੇ ਲਾਲਚ ਚ ਫਸੇ ਦੁਕਾਨਦਾਰ ਹਰਸ਼ ਨੇ ਦੱਸਿਆ ਕਿ 22 ਸਤੰਬਰ ਨੂੰ ਉਸ ਦੀ ਮੁਲਾਕਾਤ ਇਕ ਵਿਅਕਤੀ ਨਾਲ ਹੋਈ। ਵਿਅਕਤੀ ਨੇ ਦਾਅਵਾ ਕੀਤਾ ਕਿ ਉਸ ਕੋਲ 10 ਲੱਖ ਰੁਪਏ ਦੀ ਵਿਦੇਸ਼ੀ ਕਰੰਸੀ ਸੀ, ਜਿਸ ਨੂੰ ਉਹ ਬਦਲ ਨਹੀਂ ਸਕਦਾ ਸੀ। ਉਸ ਨੇ ਹਰਸ਼ ਨੂੰ 4 ਲੱਖ ਨਕਦ ਦੇ ਬਦਲੇ 10 ਲੱਖ ਡਾਲਰ ਦੀ ਪੇਸ਼ਕਸ਼ ਕੀਤੀ। ਹਰਸ਼ ਨੇ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਅਤੇ ਦੋਵਾਂ ਨੇ ਮਨੀਮਾਜਰਾ ਵਿਖੇ ਐੱਨ.ਏ.ਸੀ. ਸ਼ੋਅਰੂਮ ਦੇ ਪਿੱਛੇ ਮੁਲਾਕਾਤ ਕੀਤੀ।



ਹਰਸ਼ ਅਨੁਸਾਰ ਜਦੋਂ ਉਹ ਉਕਤ ਸਥਾਨ ਤੇ ਪਹੁੰਚਿਆ ਤਾਂ ਉਸ ਨੂੰ ਦੋ ਨੌਜਵਾਨ ਮਿਲੇ। ਉਸ ਨੇ ਇਕ ਨੌਜਵਾਨ ਨੂੰ ਚਾਰ ਲੱਖ ਰੁਪਏ ਵਾਲਾ ਬੈਗ ਦਿੱਤਾ, ਜਿਸ ਦੇ ਬਦਲੇ ਵਿਚ ਉਸ ਨੂੰ ਡਾਲਰਾਂ ਨਾਲ ਭਰਿਆ ਬੈਗ ਦਿੱਤਾ ਗਿਆ। ਹਾਲਾਂਕਿ, ਨੌਜਵਾਨ ਨੇ ਹਰਸ਼ ਨੂੰ ਪੁਲਿਸ ਆਉਣ ਦੀ ਗੱਲ ਕਹਿ ਕੇ ਜਲਦੀ ਉੱਥੋਂ ਜਾਣ ਦੀ ਸਲਾਹ ਦਿੱਤੀ। ਕੁਝ ਦੂਰ ਜਾ ਕੇ ਜਦੋਂ ਹਰਸ਼ ਨੇ ਬੈਗ ਖੋਲ੍ਹਿਆ ਤਾਂ ਉਸ ਵਿੱਚ ਡਾਲਰਾਂ ਦੀ ਥਾਂ ਅਖ਼ਬਾਰ ਮਿਲੇ। ਹਰਸ਼ ਨੇ ਦੋਵਾਂ ਨੌਜਵਾਨਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਤੰਗ ਗਲੀਆਂ ਦਾ ਫਾਇਦਾ ਉਠਾਉਂਦੇ ਹੋਏ ਬਾਈਕ ਤੇ ਫਰਾਰ ਹੋ ਗਏ।

ਮਨੀਮਾਜਰਾ ਥਾਣਾ ਪੁਲਸ ਨੇ ਮੌਕੇ ਤੇ ਪਹੁੰਚ ਕੇ ਹਰਸ਼ ਦੇ ਬਿਆਨ ਦਰਜ ਕੀਤੇ। ਸ਼ੁਰੂਆਤੀ ਜਾਂਚ ਚ ਸਾਹਮਣੇ ਆਇਆ ਹੈ ਕਿ ਇਹ ਚੋਰੀ ਦਾ ਨਹੀਂ ਬਲਕਿ ਧੋਖਾਧੜੀ ਦਾ ਮਾਮਲਾ ਹੈ। ਪੁਲਿਸ ਨੇ ਡੀ.ਡੀ. ਆਰ. ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਮੁਲਜ਼ਮਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਨਾਮਜ਼ਦਗੀ ਪੱਤਰ ਭਰਨ ਲਈ ਚਰਨ ਗੰਗਾ ਸਟੇਡੀਅਮ ਵਿੱਚ ਕੀਤੇ ਪ੍ਰਬੰਧ- ਐਸ.ਡੀ.ਐਮ

ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ)

ਜਸਪ੍ਰੀਤ ਸਿੰਘ ਕੰਟਰੋਲਿੰਗ ਅਫਸਰ ਕਮ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਪੰਚਾਇਤੀ ਚੋਣਾਂ ਲਈ ਨਾਮਜ਼ਦਗੀ ਪੱਤਰ ਭਰਨ ਵਾਸਤੇ ਚਰਨ ਗੰਗਾ ਸਟੇਡੀਅਮ ਵਿੱਚ ਸਾਰੇ ਜਰੂਰੀ ਬੰਦੋਬਸਤ ਕਰ ਲਏ ਹਨ। ਇੱਥੇ ਹੈਲਪ ਡੈਸਕ ਵੀ ਸਥਾਪਿਤ ਕੀਤਾ ਗਿਆ ਹੈ ਅਤੇ ਨਾਮਜ਼ਦਗੀ ਪੱਤਰ ਭਰਨ ਦੀ ਪ੍ਰਕਿਰਿਆ ਬੇਹੱਦ ਆਸਾਨ ਹੈ। ਉਨ੍ਹਾਂ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾ ਅਨੁਸਾਰ ਸਮੁੱਚੀ ਚੋਣ ਪ੍ਰਕਿਰਿਆ ਨੂੰ ਅਮਲ ਵਿਚ ਲਿਆਦਾ ਜਾਵੇਗਾ, ਜਿੱਥੇ ਚੋਣਾਂ ਦੋਰਾਨ ਚੋਣ ਪ੍ਰਕਿਰਿਆ ਵਿਚ ਭਾਗ ਲੈਣ ਵਾਲੇ ਉਮੀਦਵਾਰਾ ਨੂੰ ਆਦਰਸ਼ ਚੋਣ ਜਾਬਤੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ, ਉਥੇ ਵੱਧ ਤੋ ਵੱਧ ਵੋਟਰਾਂ ਨੂੰ ਲੋਕਤੰਤਰ ਦੇ ਇਸ ਪਵਿੱਤਰ ਤਿਉਹਾਰ ਵਿਚ ਹਿੱਸਾ ਲੈਣ ਲਈ ਅਪੀਲ ਕੀਤੀ ਜਾਵੇਗੀ।

ਅਜੇ ਸਿੰਘ ਡੀ.ਐਸ.ਪੀ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ ਭਰਨ ਤੋ ਲੈ ਕੇ ਸਮੁੱਚੀ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਸੁਰੱਖਿਆ ਪ੍ਰਬੰਧ ਯਕੀਨੀ ਬਣਾਏ ਗਏ ਹਨ। ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲੇ ਸਥਾਨ ਤੇ ਸੁਰੱਖਿਆ ਦੇ ਨਾਲ ਨਾਲ ਸੁਚਾਰੂ ਟ੍ਰੈਫਿਕ ਵਿਵਸਥਾ, ਪਾਰਕਿੰਗ ਦੇ ਵੀ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਨਾਮਜ਼ਦਗੀ ਪੱਤਰ ਭਰਨ ਲਈ ਆਉਣ ਵਾਲੇ ਨਾਗਰਿਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਇਸ ਮੌਕੇ ਪੀਣ ਵਾਲੇ ਪਾਣੀ, ਪਖਾਨੇ ਦੀ ਢੁਕਵੀ ਵਿਵਸਥਾ ਦੇ ਨਾਲ ਨਾਲ ਸਮੁੱਚੀ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਲਈ ਹੈਲਪ ਡੈਸਕ ਤੇ ਸਿਖਲਾਈ ਪ੍ਰਾਪਤ ਸਟਾਫ ਤੈਨਾਤ ਕੀਤਾ



ਗਿਆ ਹੈ। ਆਰ.ਓ ਤੇ ਏ.ਆਰ.ਓ ਨੂੰ ਸਮੇਂ ਸਮੇਂ ਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਸਮੁੱਚੀ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

# ਗਾਇਕ ਗੈਰੀ ਸੰਧੂ ਨੇ ਲਾਈਵ ਸ਼ੋਅ ਦੌਰਾਨ ਆਪਣੇ ਪਰਿਵਾਰ ਤੋਂ ਮੰਗੀ ਮਾਫੀ, ਜਾਣੋ ਪੂਰਾ ਮਾਮਲਾ



(ਲੋਕ ਬਾਣੀ) ਪੰਜਾਬੀ ਗਾਇਕ ਗੈਰੀ ਸੰਧੂ ਪੰਜਾਬੀ ਇੰਡਸਟਰੀ ਦੇ ਮਸ਼ਹੂਰ ਗਾਇਕਾਂ ਵਿੱਚੋਂ ਇੱਕ ਹਨ। ਉਸ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ ਤੇ ਵਾਇਰਲ ਹੁੰਦੀਆਂ ਰਹਿੰਦੀਆਂ ਹਨ, ਜਿਸ ਚ ਉਹ ਮਸਤੀ ਕਰਦੀ ਨਜ਼ਰ ਆ ਰਹੀ ਹੈ। ਹੁਣ ਉਨ੍ਹਾਂ ਦਾ ਇੱਕ ਹੋਰ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਕਹਿ ਰਿਹਾ ਹੈ ਕਿ ਜਦੋਂ ਤੱਕ ਮਾਤਾ-ਪਿਤਾ ਹਨ ਸਭ ਠੀਕ ਹੈ।

ਜੇ ਮੈਂ ਆਪਣੇ ਭਰਾ ਕੋਲ ਜਾਂਦਾ ਹਾਂ, ਤਾਂ ਮੇਰੀ ਭਾਬੀ ਨੂੰ ਮੇਰੇ ਨਾਲ ਕੋਈ ਸਮੱਸਿਆ ਹੈ ਅਤੇ ਜੇ ਮੈਂ ਉਸ ਕੋਲ ਜਾਂਦੀ ਹਾਂ, ਤਾਂ ਮੇਰੀ ਭਾਬੀ ਨੂੰ ਮੇਰੇ ਨਾਲ ਸਮੱਸਿਆ ਹੈ ਮੈਂ ਜਾਵਾਂ ? ਇਸ ਲਈ ਕਿਰਪਾ ਕਰਕੇ ਸਾਰੇ ਮੈਨੂੰ ਮਾਫ਼ ਕਰ ਦਿਓ। ਗੈਰੀ ਸੰਧੂ ਦਾ ਇਹ ਵੀਡੀਓ ਸੋਸ਼ਲ ਮੀਡੀਆ ਤੇ ਕਾਫੀ ਵਾਇਰਲ ਹੋ ਰਿਹਾ ਹੈ ਅਤੇ ਪ੍ਰਸ਼ੰਸਕ ਵੀ ਇਸ ਤੇ ਕਾਫੀ ਪ੍ਰਤੀਕਿਰਿਆ ਦੇ ਰਹੇ ਹਨ।

ਤੁਹਾਨੂੰ ਦੱਸ ਦੇਈਏ ਕਿ ਗੈਰੀ ਸੰਧੂ ਇੱਕ ਤੋਂ ਬਾਅਦ ਇੱਕ ਹਿੱਟ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰ ਰਹੇ ਹਨ। ਉਨ੍ਹਾਂ ਦੇ ਹਿੱਟ ਗੀਤਾਂ ਦੀ ਗੱਲ ਕਰੀਏ ਤਾਂ ਅਸੀਂ ਉਨ੍ਹਾਂ ਦੇ ਕੁਝ ਗੀਤਾਂ ਦਾ ਜ਼ਿਕਰ ਕਰਾਂਗੇ, ਜਿਨ੍ਹਾਂ ਚ ਉਨ੍ਹਾਂ ਨੇ ਬੰਦਾ ਬਨ ਜਾ, ਮੌਤ ਮਾਰਦੀ ਨਾ ਬੰਦੇ ਕੋ ਇਗੋ ਮਰਦੀ, ਗੈਰ-ਕਾਨੂੰਨੀ ਹਥਿਆਰ ਵਰਗੇ ਕਈ ਹਿੱਟ ਗੀਤ ਗਾਏ ਹਨ। ਉਸਨੇ ਬਾਲੀਵੁੱਡ ਫਿਲਮਾਂ ਲਈ ਕਈ ਗੀਤ ਵੀ ਗਾਏ ਹਨ।

# ਜਲੰਧਰ ਚ 54 ਦੀ ਵੱਡੀ ਕਾਰਵਾਈ, 22.78 ਕਰੋੜ ਦੀ ਜਾਇਦਾਦ ਕੀਤੀ ਜ਼ਬਤ



ਜਲੰਧਰ-(ਲੋਕ ਬਾਣੀ) ਜਲੰਧਰ ਚ ਈਡੀ ਨੇ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਖਿਲਾਫ ਦਰਜ ਘਪਲੇ ਦੇ ਮਾਮਲੇ ਚ ਕਾਰਵਾਈ ਕਰਦੇ ਹੋਏ ਪੰਜਾਬ ਚ ਵੱਖ-ਵੱਖ ਥਾਵਾਂ ਤੇ ਕਈ ਲੋਕਾਂ ਦੀਆਂ 22.78 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਹਨ। ਇਹ ਕਾਰਵਾਈ ਟੈਂਡਰ ਘੁਟਾਲੇ ਵਿੱਚ ਕੀਤੀ ਗਈ ਹੈ। ਈਡੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮਨੀ ਲਾਂਡਰਿੰਗ ਵਿੱਚ ਸ਼ਾਮਲ ਵਿਅਕਤੀਆਂ ਦੀਆਂ ਕੁਰਕ ਕੀਤੀਆਂ ਜਾਇਦਾਦਾਂ ਵਿੱਚ ਲੁਧਿਆਣਾ, ਮੋਹਾਲੀ, ਖੰਨਾ ਅਤੇ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਸਥਿਤ ਅਚੱਲ ਜਾਇਦਾਦ ਅਤੇ ਐਫਡੀਆਰ ਦੇ ਰੂਪ ਵਿੱਚ ਸੋਨੇ ਦੇ ਗਹਿਣੇ, ਸਰਾਫਾ ਅਤੇ ਬੈਂਕ ਖਾਤੇ ਸ਼ਾਮਲ ਹਨ।

# ਵਿਜੀਲੈਂਸ ਬਿਊਰੋ ਨੇ ਪਾਲਿਸੀ ਰਿਕਾਰਡ ਨੂੰ ਗੁੰਮ ਕਰਨ ਦੇ ਦੋਸ਼ ਹੇਠ ਨਗਰ ਨਿਗਮ ਲੁਧਿਆਣਾ ਦੇ ਦੋ ਕਲਰਕਾਂ ਨੂੰ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ, (ਲੋਕ ਬਾਣੀ) ਪੰਜਾਬ ਵਿਜੀਲੈਂਸ ਬਿਊਰੋ ਨੇ ਨਗਰ ਨਿਗਮ ਲੁਧਿਆਣਾ ਦੇ ਪਾਲਿਸੀ (ਨੀਤੀ) ਰਿਕਾਰਡ ਨੂੰ ਗੁੰਮ ਕਰਨ ਦੇ ਦੋਸ਼ ਹੇਠ ਨਿਗਮ ਦੀ ਲਾਅ ਬ੍ਰਾਂਚ, ਜ਼ੋਨ-ਏ ਵਿਖੇ ਤਾਇਨਾਤ ਕਲਰਕ ਅਜੈ ਕੁਮਾਰ ਅਤੇ ਤਹਿ ਬਾਜ਼ਾਰੀ, ਜ਼ੋਨ-ਸੀ ਵਿਖੇ ਤਾਇਨਾਤ ਕਲਰਕ ਲਖਵੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਦੋਵੇਂ ਮੁਲਜ਼ਮ ਕਲਰਕਾਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਆਈ.ਪੀ.ਸੀ. ਦੀ ਧਾਰਾ 409, 201, 204, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1) ਅਤੇ 13(2) ਅਧੀਨ ਐਫ.ਆਈ.ਆਰ. ਨੰਬਰ 30 ਮਿਤੀ 27.09.2024 ਤਹਿਤ ਕੇਸ ਦਰਜ ਕੀਤਾ ਗਿਆ ਹੈ।

ਹੋਰ ਵੇਰਵੇ ਦਿੰਦਿਆਂ ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 2009 ਦੇ ਇੱਕ ਸੀ.ਓ.ਸੀ.ਪੀ. 1299, 1319, 772, 12559 ਅਤੇ 917 ਵਿੱਚ ਮਿਤੀ 22.01.2010 ਨੂੰ ਹੁਕਮ ਜਾਰੀ ਕਰਕੇ ਗਿੱਲ ਰੋਡ, ਲੁਧਿਆਣਾ ਵਿਖੇ ਸਥਿਤ ਆਰਜ਼ੀ ਸਕੂਟਰ ਮਾਰਕੀਟ, ਆਈ.ਟੀ.ਈ. ਦੇ ਸਾਹਮਣੇ ਖੋਖਾ ਮਾਰਕੀਟ ਅਤੇ ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ ਦੇ ਕਾਰ ਬਾਜ਼ਾਰ ਨੂੰ ਤਬਦੀਲ ਕਰਨ ਦੇ ਹੁਕਮ ਜਾਰੀ ਕੀਤੇ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧ ਪਾਲਿਸੀ ਤਿਆਰ ਕਰਨ ਉਪਰੰਤ ਨਗਰ ਨਿਗਮ ਲੁਧਿਆਣਾ ਦੇ ਤਤਕਾਲੀ ਮੇਅਰ ਵੱਲੋਂ 15.02.2010 ਨੂੰ ਜਨਰਲ ਹਾਊਸ ਦੀ ਮੀਟਿੰਗ ਵਿੱਚ ਇੱਕ ਮਤਾ ਪਾਸ ਕੀਤਾ ਗਿਆਅਤੇ ਇੱਕ ਕਮੇਟੀ ਦਾ ਗਠਨ ਕਰਕੇ ਇਸ ਸਬੰਧੀ 18.02.2010 ਨੂੰ ਰਿਪੋਰਟ ਸੌਂਪਣ ਲਈ ਕਿਹਾ ਗਿਆ। ਉਨ੍ਹਾਂ ਦੱਸਿਆ ਕਿ ਸਾਲ 2010 ਵਿੱਚ ਨਗਰ ਨਿਗਮ ਲੁਧਿਆਣਾ ਦੇ ਤਤਕਾਲੀ ਕਮਿਸ਼ਨਰ ਅਤੇ ਕਮੇਟੀ ਨੇ ਸਕੂਟਰ ਮਾਰਕੀਟ ਅਤੇ ਖੋਖਾ ਮਾਰਕੀਟ ਨੂੰ ਤਬਦੀਲ ਕਰਨ ਬਾਰੇ ਕੁਝ ਸੁਝਾਅ ਦਿੱਤੇ ਸਨ।



ਬੁਲਾਰੇ ਨੇ ਅੱਗੇ ਦੱਸਿਆ ਕਿ ਵਿਨੈ ਕੁਮਾਰ ਵੱਲੋਂ ਦਾਇਰ ਸੀ.ਡਬਲਿਊ.ਪੀ. 4304 ਆਫ਼ 2013 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 03.10.2023 ਅਤੇ 08.05.2024 ਨੂੰ ਜਾਰੀ ਹੁਕਮਾਂ ਅਨੁਸਾਰ ਵਿਜੀਲੈਂਸ ਬਿਊਰੋ ਲੁਧਿਆਣਾ ਰੇਂਜ ਵੱਲੋਂ ਸਬੰਧਤ ਕੇਸ ਵਿੱਚ ਜਾਂਚ ਕੀਤੀ ਗਈ।

ਨਗਰ ਨਿਗਮ ਲੁਧਿਆਣਾ ਦੇ ਅਧਿਕਾਰੀਆਂ ਵੱਲੋਂ ਇਸ ਨੀਤੀ ਨਾਲ ਸਬੰਧਤ ਅਸਲ ਰਿਕਾਰਡ ਵਿਜੀਲੈਂਸ ਬਿਊਰੋ ਲੁਧਿਆਣਾ ਰੇਂਜ ਨੂੰ ਮੁਹੱਈਆ ਨਾ ਕਰਵਾਏ ਜਾਣ ਉਪਰੰਤ 28.08.2024 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਹੁਕਮ ਪਾਸ ਕੀਤਾ ਗਿਆ, ਜਿਸ ਵਿੱਚ ਕਿਹਾ ਗਿਆ ਕਿ ਅਧਿਕਾਰਾਂ ਦੀ ਵਰਤੋਂ ਦੇ ਸਬੰਧ ਵਿੱਚ ਗੰਭੀਰ ਅਣਗਹਿਲੀਆਂ ਸਾਹਮਣੇ ਆਉਣ ਦੇ ਮੱਦੇਨਜ਼ਰ ਵਿਜੀਲੈਂਸ ਬਿਊਰੋ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਜੇਕਰ ਸਬੰਧਤ ਦਸਤਾਵੇਜ਼ 07 ਦਿਨਾਂ ਦੀ ਮਿਆਦ ਦੇ ਅੰਦਰ ਨਹੀਂ ਸੌਂਪੇ ਜਾਂਦੇ ਤਾਂ ਮੌਜੂਦਾ ਕੇਸ ਵਿੱਚ ਐਫ.ਆਈ.ਆਰ. ਦਰਜ ਕਰਨ ਉਪਰੰਤ ਕਾਨੂੰਨ ਦੇ ਅਨੁਸਾਰ ਕੇਸ ਦੀ ਜਾਂਚ ਯਕੀਨੀ ਬਣਾਈ ਜਾਵੇ।

ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧ ਵਿੱਚ ਨਗਰ ਨਿਗਮ ਲੁਧਿਆਣਾ ਦੇ ਕਮਿਸ਼ਨਰ ਤੋਂ 03.09.2024 ਨੂੰ ਅਸਲ ਫ਼ਾਈਲ ਦੇ ਗੁੰਮ ਹੋਣ ਸਬੰਧੀ ਰਿਪੋਰਟ ਪ੍ਰਾਪਤ ਹੋਈ । ਉਨ੍ਹਾਂ ਅੱਗੇ ਦੱਸਿਆ ਕਿ ਪੁੱਛਗਿੱਛ ਦੌਰਾਨ ਕਲਰਕ ਲਖਵੀਰ ਸਿੰਘ ਨੇ ਦੱਸਿਆ ਹੈ ਕਿ ਅਸਲ ਫਾਈਲ ਕਲਰਕ ਰੌਣੀ ਨੂੰ ਮਿਤੀ 24.11.2019 ਨੂੰ ਸ਼ਾਮ 7 ਵਜੇ ਨਗਰ ਨਿਗਮ ਕਮਿਸ਼ਨਰ ਲੁਧਿਆਣਾ ਦੇ ਕੈਂਪ ਆਫਿਸ ਵਿਖੇ ਦਿੱਤੀ ਗਈ ਸੀ ਅਤੇ ਕਲਰਕ ਰੌਣੀ ਦੀ ਮੌਤ ਹੋ ਚੁੱਕੀ ਹੈ। ਇਸ ਸਬੰਧ ਵਿੱਚ ਕੀਤੀ ਗਈ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਉਕਤ ਫਾਈਲ ਨਗਰ ਨਿਗਮ ਲੁਧਿਆਣਾ ਦੀ ਬ੍ਰਾਂਚ ਵਿੱਚ ਵਾਪਸ ਪ੍ਰਾਪਤ ਹੋਈ ਸੀ।

ਬੁਲਾਰੇ ਨੇ ਦੱਸਿਆ ਕਿ ਪੜਤਾਲ ਵਿੱਚ ਇਹ ਗੱਲ ਸਾਹਮਣੇ ਆਉਣ ਕਿ ਅਸਲ ਫਾਈਲ 12.12.2019 ਨੂੰ ਤਹਿ ਬਾਜ਼ਾਰੀ ਬ੍ਰਾਂਚ ਨੂੰ ਭੇਜੀ ਗਈ ਸੀ, ਦੋਵੇਂ ਕਲਰਕਾਂ ਵੱਲੋਂ ਸੁਣਾਈ ਗਈ ਕਹਾਣੀ ਝੂਠੀ ਸਾਬਤ ਹੋਈ ਜਿਸ ਉਪਰੰਤ ਜਾਂਚ ਅਨੁਸਾਰ ਤਹਿ ਬਾਜ਼ਾਰੀ ਬ੍ਰਾਂਚ ਦੇ ਲਖਵੀਰ ਸਿੰਘ ਅਤੇ ਲਾਅ ਬ੍ਰਾਂਚ ਦੇ ਅਜੇ ਕੁਮਾਰ ਨਾਮਕ ਦੋ ਕਲਰਕਾਂ ਨੂੰ ਨੀਤੀ ਸਬੰਧੀ ਰਿਕਾਰਡ ਗੁੰਮ ਕਰਨ ਲਈ ਦੋਸ਼ੀ ਪਾਇਆ ਗਿਆ ਅਤੇ ਦੋਵਾਂ ਮੁਲਜ਼ਮਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਨਗਰ ਨਿਗਮ ਲੁਧਿਆਣਾ ਦੇ ਹੋਰ ਅਧਿਕਾਰੀਆਂ/ ਕਰਮਚਾਰੀਆਂ/ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

# ਜਲੰਧਰ ਚ ਪਤਰਕਾਰ ਤੇ ਕੀਤਾ ਗਿਆ ਜਾਨਲੇਵਾ ਹਮਲਾ ਮੀਡੀਆ ਚ ਰੋਸ




ਜਲੰਧਰ, (ਲੋਕ ਬਾਣੀ)

ਨਿਗਮ ਦੀ ਟੀਮ ਨੇ ਜਲੰਧਰ ਚ ਵੱਖ-ਵੱਖ ਥਾਵਾਂ 'ਤੇ ਨਾਜਾਇਜ਼ ਉਸਾਰੀਆਂ ਨੂੰ ਸੀਲ ਕੀਤਾ ਗਿਆ ਇਸ ਦੇ ਨਾਲ ਹੀ ਨਿਜਾਤਮ ਨਗਰ 'ਚ ਨਾਜਾਇਜ਼ ਤੌਰ 'ਤੇ ਵਪਾਰਕ ਇਮਾਰਤਾਂ ਦੀ ਉਸਾਰੀ ਕਰ ਰਹੇ ਅਨਸਰਾਂ ਨੇ ਕਵਰੇਜ ਕਰ ਰਹੇ ਵੈੱਬ ਪੋਰਟਲ ਦੇ ਸੰਪਾਦਕ ਤੇ ਪਤਰਕਾਰ ਅਨਿਲ ਵਰਮਾ ਅਤੇ ਉਨ੍ਹਾਂ ਦੀ ਟੀਮ ਨਾਲ ਕੁੱਟ ਮਾਰ ਕੀਤੀ ਜਿਸ ਕਾਰਨ ਸ਼ਹਿਰ ਦੇ ਪਤਰਕਾਰ ਇਕਠੇ ਹੋ ਗਏ ਤੇ ਨਾਰਾਜ਼ ਪੱਤਰਕਾਰਾਂ ਨੇ ਥਾਣਾ-5 ਵਿੱਚ ਕੁੱਟਮਾਰ ਕਰਨ ਤੇ ਜਾਨੋਂ ਮਾਰਨ ਦੀ ਧਮਕੀ ਦੇਣ ਦੀ ਸ਼ਿਕਾਇਤ ਦਰਜ ਕਰਵਾਈ ਹੈ ਤੇ ਨਜਾਇਜ਼ ਉਸਾਰੀ ਕਰਨ ਵਾਲੇ ਅਨਸਰਾਂ ਖਿਲਾਫ਼ ਸਖ਼ਤ ਕਾਰਵਾਈ ਕੀਰਨ ਦਾ ਮਾਮਲਾ ਵੀ ਦਰਜ ਕਰਵਾਉਣ ਲਈ ਕਿਹਾ

# ਸਿਹਤ ਵਿਭਾਗ ਮਨਿਸਟਰਰੀਲ ਸਟਾਫ ਦੀ ਚੋਣ ਦੌਰਾਨ ਜੇਤੂਆਂ ਨੂੰ ਕੀਤਾ ਸਨਮਾਨਿਤ

ਅੰਮ੍ਰਿਤਸਰ (ਲੋਕ ਬਾਣੀ)ਸਿਵਲ ਸਰਜਨ ਦਫਤਰ ਅੰਮ੍ਰਿਤਸਰ ਵਿਖੇ ਮਨਿਸਟਰਰੀਅਲ ਸਟਾਫ ਦੀ ਇਲੈਕਸ਼ਨ ਹੋਈ। ਜਿਸ ਵਿੱਚ ਸਿਹਤ ਵਿਭਾਗ ਦੇ ਜਿਲਾ ਅੰਮ੍ਰਿਤਸਰ ਅਧੀਨ ਆਉਂਦੇ ਸਾਰੇ ਕਲੈਰੀਕਲ ਅਮਲੇ ਨੇ ਹਿੱਸਾ ਲਿਆ ਅਤੇ ਵੋਟਾਂ ਪਾਈਆਂ। ਇਹ ਚੋਣ ਕਲੈਰੀਕਲ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਜਨਰਲ ਸਕੱਤਰ ਵਾਸਤੇ ਸੀ ਸਮੂਹ ਕਲੈਰੀਕਲ ਕਾਮਿਆਂ ਵੱਲੋਂ ਇਲੈਕਸ਼ਨ ਹੋਣ ਉਪਰੰਤ ਸ੍ਰੀ ਰਘੂ ਤਲਵਾੜ ਨੂੰ ਜਨਰਲ ਸਕੱਤਰ ਅਤੇ ਸ੍ਰੀ ਸੁਮਿਤ ਸ਼ਰਮਾਂ ਨੂੰ ਜਿਲਾ ਪ੍ਰਧਾਨ ਚੁਣਿਆ ਗਿਆ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਆਚਾਰੀਆ ਗੁਰੂ ਮੀਤ (ਰਾਜਪ੍ਰੋਹਿਤ) ਸੁਪਰਟੈਂਡੰਟ ਸਿਵਲ ਹਸਪਤਾਲ ਅੰਮ੍ਰਿਤਸਰ ਪਹੁੰਚੇ। ਇਲੈਕਸ਼ਨ ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਆਚਾਰੀਆ ਗੁਰੂ ਮੀਤ (ਰਾਜਪ੍ਰੋਹਿਤ) ਵੱਲੋਂ ਸ੍ਰੀ ਸੁਮਿਤ ਸ਼ਰਮਾਂ, ਦੀ ਜ਼ਿਲ੍ਹਾ ਪ੍ਰਧਾਨ ਬਣ ਜਾਣ ਦੀ ਅਤੇ ਸ੍ਰੀ ਰਘੂ ਤਲਵਾੜ ਦੀ ਜਰਨਲ ਸਕੱਤਰ ਬਣ ਜਾਣ ਦੀ ਭਵਿੱਖਬਾਣੀ ਕਰ ਦਿੱਤੀ ਸੀ ਅਤੇ ਵੋਟਾਂ ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਆਚਾਰੀਆ ਜੀ ਵੱਲੋਂ ਦੋਹਾਂ ਆਗੂਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਸੀ। ਇਸ ਮੌਕੇ ਤੇ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ ਦੇ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ ਨੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੱਤੀ ਅਤੇ ਸਾਰਿਆਂ ਨੂੰ ਨਾਲ ਲੈਕੇ, ਭਾਈਚਾਰੇ ਨਾਲ ਮੁਲਾਜ਼ਮਾਂ ਦੀਆਂ ਮੁਸਕਲਾਂ ਨੂੰ ਹੱਲ ਕਰਨ ਲਈ ਕਿਹਾ। ਜੇਤੂ ਉਮੀਦਵਾਰਾਂ ਨੇ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ ਇਸ ਮੌਕੇ ਤੇ ਇੰਪਲਾਈਜ ਵੈਲਫੇਅਰ



ਐਸੋਸੀਏਸ਼ਨ ਆਫ਼ ਪੰਜਾਬ ਦੀ ਸੀਨੀਅਰ ਮੀਤ ਪ੍ਰਧਾਨ ਸ੍ਰੀਮਤੀ ਕਮਲਜੀਤ ਕੌਰ ਰੰਧਾਵਾ (ਮੇਟਰਨ) ਨੇ ਅਤੇ ਜਨਰਲ ਸਕੱਤਰ ਆਫ਼ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ ਡਾਕਟਰ ਸੰਜੀਵ ਆਨੰਦ ਸੀਨੀਅਰ ਚੀਫ਼ ਫਾਰਮੇਸੀ ਅਫ਼ਸਰ ਨੇ ਰਘੂ ਤਲਵਾੜ ਅਤੇ ਸੁਮਿਤ ਸ਼ਰਮਾਂ ਨੂੰ ਵਧਾਈ ਦਿੱਤੀ।

ਸ਼ਾਮ ਸਾਢੇ ਚਾਰ ਵਜੇ ਤੱਕ ਚੋਣਾਂ ਦੇ ਨਤੀਜੇ ਦੀ ਖ਼ਬਰ ਸੋਸ਼ਲ ਮੀਡੀਆ ਰਾਹੀਂ ਪੂਰੇ ਸੂਬੇ ਵਿਚ ਫੈਲ ਗਈ ਅਤੇ ਸਿਹਤ ਵਿਭਾਗ ਦੇ ਮਨਿਸਟੀਰੀਅਲ ਕਾਮਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

# ਹਲਕਾ ਧੂਰੀ ਦੇ ਵੱਖ ਵੱਖ ਮੁੱਦਿਆ ਨੂੰ ਲੇ ਕੇ ਜਸਵਿੰਦਰ ਰਿਖੀ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਕੀਤੀ ਮੁਲਾਕਾਤ

ਧੂਰੀ (ਲੋਕ ਬਾਣੀ) ਹਲਕਾ ਧੂਰੀ ਦੇ ਵੱਖ ਵੱਖ ਮੁੱਦਿਆ ਨੂੰ ਲੇ ਕੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਸਿੰਘ ਰਿਖੀ ਨੇ ਕੇਂਦਰੀ ਰੇਲਵੇ ਰਾਜ ਮੰਤਰੀ ਸ੍ਰ ਰਵਨੀਤ ਸਿੰਘ ਬਿੱਟੂ ਨਾਲ ਮੁਲਾਕਾਤ ਕੀਤੀ । ਜਿਸ ਵਿੱਚ ਹਲਕਾ ਧੂਰੀ ਦੀਆਂ ਵੱਖ ਵੱਖ ਸਮੱਸਿਆਵਾਂ ਤੇ ਚਰਚਾ ਹੋਈ। ਜਿਸ ਵਿੱਚ ਧੂਰੀ ਮੈਨ ਬਾਜ਼ਾਰ ਵਾਲੇ ਫਲਾਈਓਵਰ ਤੇ ਪਿੰਡ ਬੱਬਨਪੁਰ ਤੇ ਬਲਮਗੜ੍ਹ ਦੇ ਵਿੱਚਕਾਰ ਬਣਨ ਵਾਲੇ ਅੰਡਰਬ੍ਰਿਜ ਬਾਰੇ ਚਰਚਾ ਹੋਈ। ਜਿਸ ਨਾਲ ਧੂਰੀ ਹਲਕੇ ਦੇ ਅਨੇਕਾਂ ਪਿੰਡਾਂ ਨੂੰ ਲਾਭ ਪਹੁੰਚੇਗਾ । ਸ੍ਰ ਰਿਖੀ ਨੇ ਦੱਸਿਆ ਕਿ ਕੇਂਦਰੀ ਮੰਤਰੀ ਸ੍ਰ ਰਵਨੀਤ ਬਿੱਟੂ ਜੀ ਵੱਲੋਂ ਇਹ ਦੋਨੋ ਸਮੱਸਿਆ ਬਹੁਤ ਹੀ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ । ਓਹਨਾ ਕਿਹਾ ਕਿ ਜ਼ੋ ਪਿੰਡ ਬੱਬਨਪੁਰ ਤੇ ਬਲਮਗੜ੍ਹ ਦੇ ਵਿੱਚਕਾਰ ਬਣਨ ਵਾਲੇ ਅੰਡਰਬ੍ਰਿਜ ਦਾ ਕੰਮ ਹੈ ਓਹ ਬਹੁਤ ਹੀ ਜਲਦ ਸ਼ੁਰੂ ਕੀਤਾ ਜਾ ਰਿਹਾ ਹੈ। ਤੇ ਬਹੁਤ ਜਿਆਦਾ ਘੱਟ ਸਮੇਂ ਵਿੱਚ ਇਹ ਅੰਡਰਬ੍ਰਿਜ ਇਲਾਕੇ ਦੇ ਲੋਕਾਂ ਲਈ ਬਣ ਕੇ ਤਿਆਰ ਹੋ ਜਾਵੇਗਾ । ਜਿਸ ਨਾਲ ਇਲਾਕੇ ਦੇ ਪਿੰਡਾਂ ਦੇ ਲੋਕਾਂ ਨੂੰ ਆਉਣ ਜਾਣ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ ।



# ਝੋਨੇ ਦੀ ਕਟਾਈ ਲਈ ਕੰਬਾਇਨਾਂ ਤੇ ਸ਼ਾਮ 5:00 ਵਜੇ ਤੋਂ ਬਾਅਦ, ਸਵੇਰੇ 10.00 ਵਜੇ ਤੱਕ ਝੋਨੇ ਦੀ ਕਟਾਈ ਤੇ ਪੂਰਨ ਤੌਰ ਤੇ ਪਾਬੰਦੀ ਦੇ ਹੁਕਮ ਜਾਰੀ

ਗੁਰਦਾਸਪੁਰ-ਨਵਨੀਤ ਕੁਮਾਰ -
ਸ੍ਰੀ ਸੁਰਿੰਦਰ ਸਿੰਘ, ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ,2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਜਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਦੀ ਕਟਾਈ ਲਈ ਕੰਬਾਇਨਾਂ ਕੇਵਲ ਦਿਨ ਸਮੇਂ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 5.00 ਵਜੇ ਤੱਕ ਹੀ ਚਲਾਉਣਗੇ। ਅਤੇ ਸ਼ਾਮ 5:00 ਵਜੇ ਤੋਂ ਬਾਅਦ, ਸਵੇਰੇ 10.00 ਵਜੇ ਤੱਕ ਝੋਨੇ ਦੀ ਕਟਾਈ ਤੇ ਪੂਰਨ ਤੌਰ ਤੇ ਪਾਬੰਦੀ ਹੋਵੇਗੀ। ਹੁਕਮਾਂ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਝੋਨੇ ਦੀ ਫਸਲ ਦੀ ਕਟਾਈ ਦਾ ਸੀਜ਼ਨ ਸਾਲ 20 24 ਸ਼ੁਰੂ ਹੋ ਗਿਆ ਹੈ। ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਝੋਨਾ ਕੱਟਣ ਲਈ ਕੰਬਾਈਨਾਂ 24 ਘੰਟੇ ਕੰਮ ਕਰਦੀਆਂ ਹਨ। ਇਹ ਕੰਬਾਈਨਾਂ ਰਾਤ ਵੇਲੇ ਹਰੇ ਝੋਨੇ ਦੀ ਫਸਲ ਜਿਹੜੀ ਕਿ ਚੰਗੀ ਤਰ੍ਹਾਂ ਪੱਕੀ ਨਹੀਂ ਹੁੰਦੀ, ਭਾਵ ਦਾਣਾ ਕੱਚਾ ਕੱਟ ਦਿੰਦੀਆਂ ਹਨ। ਇਸ ਦੀ ਗੁਣਵੱਤਾ ਘੱਟ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਕੰਬਾਈਨਾਂ ਵਿੱਚ ਮਕੈਨੀਕਲ ਨੁਕਸ ਹੋਣ ਕਾਰਨ ਝੋਨੇ ਦੀ ਕੁਆਲਟੀ ਪ੍ਰਭਾਵਿਤ ਹੁੰਦੀ ਹੈ, ਜਿਸ ਕਰਕੇ ਖਰੀਦ ਏਜੰਸੀਆਂ ਇਸ ਦੀ ਖਰੀਦ ਕਰਨ ਤੋਂ ਹਿਚਕਚਾਉਂਦੀਆਂ ਹਨ, ਜਿਸ ਨਾਲ ਸਿੱਧਾ ਨੁਕਸਾਨ ਕਿਸਾਨਾਂ ਨੂੰ ਹੁੰਦਾ ਹੈ ਅਤੇ ਇਸ



ਦਾ ਅਸਰ ਦੇਸ਼ ਦੇ ਉਤਪਾਦਨ ਤੇ ਪੈਂਦਾ ਹੈ। ਝੋਨੇ ਦੀ ਫਸਲ ਨਾ ਵਿਕਣ ਕਾਰਨ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ, ਜਿਸ ਨਾਲ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਖਤਰਾ ਹੁੰਦਾ ਹੈ। ਅਜਿਹਾ ਉਪਰੋਕਤ ਦਰਸਾਈ ਸਥਿਤੀ ਕਾਰਨ ਹੁੰਦਾ ਹੈ। ਇਸ ਲਈ ਇਸ ਦੀ ਤੁਰੰਤ ਰੋਕਥਾਮ ਕਰਨ ਦੀ ਜ਼ਰੂਰਤ ਹੈ। ਇਹ ਹੁਕਮ ਮਿਤੀ 25 ਸਤੰਬਰ 2024 ਤੋਂ 16 ਨਵੰਬਰ 2024 ਤੱਕ ਲਾਗੂ ਰਹੇਗਾ।

# ਸਾਈਂ ਹਸਪਤਾਲ ਵਿਖੇ ਹਿਮਾਚਲ ਪ੍ਰਦੇਸ਼ ਦੇ ਈ.ਐਸ.ਆਈ. ਅਤੇ ਸਰਕਾਰੀ ਕਰਮਚਾਰੀਆਂ ਦੇ ਇਲਾਜ ਦੀ ਸੁਵਿਧਾ ਸ਼ੁਰੂ



ਸ਼੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਪਿਛਲੇ ਲੰਮੇ ਸਮੇਂ ਤੋਂ ਇਲਾਕੇ ਵਿਚ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕ,ਰ ਰਹੇ ਸਾਈਂ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਹੁਣ ਹਿਮਾਚਲ ਪ੍ਰਦੇਸ਼ ਦੇ ਈ.ਐਸ.ਆਈ. ਅਤੇ ਸਰਕਾਰੀ ਕਰਮਚਾਰੀਆਂ ਦੇ ਇਲਾਜ ਦੀ ਸੁਵਿਧਾ ਵੀ ਸ਼ੁਰੂ ਹੋ ਚੁੱਕੀ ਹੈ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਸਾਈਂ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਦੇ ਐਮ ਡੀ ਡਾ:ਭਰਤ ਜਸਵਾਲ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਦੇ ਈ. ਐਸ.ਆਈ. ਅਤੇ ਸਰਕਾਰੀ ਕਰਮਚਾਰੀਆਂ ਦੇ ਇਲਾਜ ਅਧੀਨ ਨਾਰਮਲ ਡਿਲੀਵਰੀ, ਛੋਟਾ-ਵੱਡਾ ਅਪ੍ਰੇਸ਼ਨ, ਬੱਚੇਦਾਨੀ ਦਾ ਭਰ ਪੈਣਾ, ਬੱਚੇਦਾਨੀ ਦੀਆਂ ਰਸੌਲੀਆਂ ਅਤੇ ਬਾਂਝਪਨ ਦਾ ਇਲਾਜ ਡਾ.ਸਾਰਿਕਾ ਜਸਵਾਲ ਔਰਤਾਂ ਦੇ ਮਾਹਿਰ ਦੁਆਰਾਂ ਕੀਤਾ ਜਾਵੇਗਾ। ਪਿੱਤੇ ਦੀ ਪੱਥਰੀ, ਬਵਾਸੀਰ, ਅਪੈਂਡਿਕਸ ਅਤੇ ਹਰਨੀਆਂ ਦਾ ਦੂਰਬੀਨ ਰਾਹੀਂ ਇਲਾਜ ਚੰਡੀਗੜ੍ਹ ਦੇ ਮਸ਼ਹੂਰ ਡਾ. ਸੰਜੀਵ ਗੋਇਲ ਦੁਆਰਾਂ ਕੀਤਾ ਜਾਵੇਗਾ। ਇਸਤੋਂ ਇਲਾਵਾ ਗੁਰਦੇ ਦੀ ਪੱਥਰੀ, ਵਧੇ ਹੋਏ ਗਦੂਦ ਅਤੇ ਪਿਸ਼ਾਬ ਦੀ ਥੈਲੀ ਵਿਚ ਪੱਥਰੀ ਦਾ ਇਲਾਜ ਚੰਡੀਗੜ੍ਹ ਦੇ ਮਸ਼ਹੂਰ ਡਾ. ਮਨੋਜ ਸ਼ਰਮਾ ਦੁਆਰਾਂ ਕੀਤਾ ਜਾਵੇਗਾ। ਇਸ ਮੌਕੇ ਡਾ.ਭਰਤ ਜਸਵਾਲ ਨੇ ਹਿਮਾਚਲ ਪ੍ਰਦੇਸ਼ ਦੇ ਈ. ਐਸ.ਆਈ. ਅਤੇ ਸਰਕਾਰੀ ਕਰਮਚਾਰੀਆਂ ਨੂੰ ਵੱਧ ਤੋਂ ਵੱਧ ਲਾਭ ਲੈਣ ਲਈ ਵੀ ਕਿਹਾ।

# ਖੇਡਾਂ ਵਤਨ ਪੰਜਾਬ ਦੀਆਂ 2024 ਦੀਆਂ ਦੇ ਦੂਸਰੇ ਦਿਨ ਜੂਡੋ ਖਿਡਾਰੀਆ ਨੇ ਫਸਵੇ ਮੁਕਾਬਲਿਆਂ ਚ ਮੈਡਲ ਜਿੱਤੇ

ਗੁਰਦਾਸਪੁਰ-ਨਵਨੀਤ ਕੁਮਾਰ -
ਸ਼ਹੀਦ ਭਗਤ ਸਿੰਘ ਜੂਡੋ ਟ੍ਰੇਨਿੰਗ ਸੈਂਟਰ ਗੁਰਦਾਸਪੁਰ ਵਿਖੇ ਹੋ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦੇ ਫਸਵੇਂ ਜੂਡੋ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਮੈਡਲ ਜਿੱਤ ਕੇ ਆਪਣੇ ਮਾਤਾ ਪਿਤਾ ਅਤੇ ਕੋਚਾਂ ਦਾ ਨਾਮ ਰੌਸ਼ਨ ਕੀਤਾ ਹੈ। ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ 117 ਵੇ ਜਨਮ ਦਿਨ ਨੂੰ ਸਮਰਪਿਤ ਇਹਨਾਂ ਖੇਡਾਂ ਦੇ ਅੱਜ ਦੇ ਮੈਚਾਂ ਦੀ ਪ੍ਰਧਾਨਗੀ ਸ੍ਰੀ ਬਰ੍ਹਮ ਦੱਤ ਸੀਨੀਅਰ ਵੈਟਰਨ ਅਥਲੀਟ ਅਤੇ ਨੈਸ਼ਨਲ ਸਪੋਰਟਸ ਅਵਾਰਡੀ ਨੇ ਕੀਤੀ। ਉਹਨਾਂ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ । ਸਾਨੂੰ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਸੱਚੇ ਸੁੱਚੇ ਕਿਰਦਾਰ ਦੇ ਮਾਲਕ ਅਤੇ ਧਰਮ ਨਿਰਪੱਖ ਹੋ ਕੇ ਉਹਨਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਹੋਣਾ ਚਾਹੀਦਾ। ਅੱਜ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਮੋਬਾਈਲ ਫੋਨਾਂ ਦੀ ਦੁਰਵਰਤੋ ਤੋਂ ਦੂਰ ਰਹਿ ਕੇ ਆਪਣੇ ਟੀਚੇ ਦੀ ਪ੍ਰਾਪਤੀ ਲਈ ਜਾਗਰੂਕ ਹੋਣ ਦੀ ਲੋੜ ਹੈ। ਮਹਾਰਾਜਾ ਰਣਜੀਤ ਸਿੰਘ ਐਵਾਰਡ ਜੇਤੂ ਅੰਤਰਰਾਸ਼ਟਰੀ ਜੂਡੋ ਖਿਡਾਰੀ ਇੰਸਪੈਕਟਰ ਸਾਹਿਲ ਪਠਾਣੀਆਂ ਐਸ ਐਚ ਓ ਘੁੰਮਣ ਕਲਾਂ ਨੇ ਆਪਣੇ ਬਚਪਨ ਦੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਆਪਣੇ ਕੋਚਾਂ ਦਾ ਆਦਰ ਸਨਮਾਨ ਕਰਨ ਦੀ ਸਲਾਹ ਦਿੱਤੀ। ਸੈਂਟਰ ਇੰਚਾਰਜ ਅਮਰਜੀਤ ਸ਼ਾਸਤਰੀ ਨੇ ਦੱਸਿਆ ਕਿ



ਖਿਡਾਰੀਆਂ ਦੀ ਬਿਹਤਰੀ ਲਈ , ਸੈਂਟਰ ਵਿਚ ਸਹੂਲਤਾਂ ਦੇਣ ਲਈ ਸਾਬਕਾ ਖਿਡਾਰੀਆਂ ਦਾ ਯੋਗਦਾਨ ਸਰਾਹਨਾਯੋਗ ਹੈ। ਰਵੀ ਕੁਮਾਰ ਜੂਡੋ ਕੋਚ, ਦਿਨੇਸ਼ ਕੁਮਾਰ ਜੂਡੋ ਕੋਚ, ਅਤੁਲ ਕੁਮਾਰ, ਜੂਡੋ ਕੋਚ ਅਨੁਸਾਰ ਇਹਨਾਂ ਦੋ ਰੋਜ਼ਾ 230 ਤੋਂ ਵਧੇਰੇ ਖਿਡਾਰੀਆਂ ਨੇ ਅੰਡਰ 14, ਅੰਡਰ 17 ਸਾਲ ਅੰਡਰ 21 ਸਾਲ ਵਿੱਚ ਭਾਗ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਸਪੈਕਟਰ ਦਵਿੰਦਰ ਕੁਮਾਰ ਡਾਕਟਰ ਰਵਿੰਦਰ ਸਿੰਘ, ਗੁਰਮੀਤ ਕੌਰ, ਸਤਿੰਦਰ ਕੌਰ, ਮੈਡਮ ਰਜਵੰਤ ਕੌਰ, ਪਰਮ ਕੁਲਜੀਤ ਸਿੰਘ, ਰਾਜੀਵ ਸੈਣੀ ਹਾਜ਼ਰ ਸਨ। ਅੱਜ ਦੇ ਨਤੀਜੇ ਇਸ ਪ੍ਰਕਾਰ ਹਨ।

ਅੰਡਰ 14 ਸਾਲ 45 ਕਿਲੋ ਭਾਰ ਵਰਗ ਵਿੱਚ ਰਣਬੀਰ ਸਿੰਘ ਨੇ ਗੋਲਡ ਮੈਡਲ, ਭਾਮਜੋਤ ਸਿੰਘ ਸਿਲਵਰ ਅਤੇ ਸਾਹਿਲ, ਅਭੈ ਨੇ ਬਰਾਉਨਜ ਮੈਡਲ ਜਿੱਤਿਆ।

50 ਕਿਲੋ ਭਾਰ ਵਰਗ ਵਿੱਚ ਕਸ਼ਿਸ਼ ਮਹਾਜਨ ਪਹਿਲੇ ਕ੍ਰਿਸ਼ਨਾ ਦੂਜੇ ਅਤੇ ਅਰਵ ਪਠਾਣੀਆਂ, ਅਭਿਰਾਮ ਤੀਜੇ ਸਥਾਨ ਤੇ ਰਹੇ।

55 ਕਿਲੋ ਤੋਂ ਘੱਟ ਭਾਰ ਵਰਗ ਹਰਬੀਰ ਸਿੰਘ ਪਹਿਲੇ ਸਥਾਨ ਤੇ, ਹੇਮਕਸ ਦੂਜੇ ਅਤੇ ਨੀਲਕਸ, ਜਸਨਜੋਤ ਤੀਜੇ ਸਥਾਨ ਤੇ ਰਹੇ। 60 ਕਿਲੋ ਭਾਰ ਵਰਗ ਵਿੱਚ ਸਕਸ਼ਮ ਪਹਿਲੇ ਰਾਗਵ ਦੂਜੇ ਅਤੇ ਪ੍ਰਥਮ ਤੀਜੇ ਸਥਾਨ ਤੇ ਰਹੇ।

# ਜਿਲ੍ਹਾ ਪ੍ਰਸ਼ਾਸਨ ਨਾਲ ਸਹਿਯੋਗ ਕਰਦਿਆਂ ਕਿਸਾਨ ਪਰਾਲੀ ਨੂੰ ਅੱਗ ਨਾ ਲਾਉਣ-ਐਸ ਡੀ ਐਮ ਜਸਪਿੰਦਰ ਸਿੰਘ

## ਐਸ. ਡੀ. ਐਮ ਦੀਨਾਨਗਰ ਵਲੋਂ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਕੀਤਾ ਗਿਆ ਪ੍ਰੇਰਿਤ

ਦੀਨਾਨਗਰ, ( ਡਾ.ਰਮੇਸ਼ ਸਰੰਗਲ ) ਦੀਨਾਨਗਰ ਸਬ ਡਵੀਜ਼ਨ ਦੇ ਨਵ-ਨਿਯੁਕਤ ਐਸਡੀਐਮ ਸ੍ਰੀ ਜਸਪਿੰਦਰ ਸਿੰਘ ਅਤੇ ਏਸੀਪੀ ਦਿਲਪ੍ਰੀਤ ਸਿੰਘ ਦੀ ਅਗਵਾਈ ਹੇਠ ਦੀਨਾਨਗਰ ਦੇ ਪਿੰਡ ਬਹਿਰਾਮਪੁਰ, ਉੱਚਾ ਧਕਾਲਾ, ਬਾਹਮਣੀ ਅਤੇ ਰੰਗੜ ਪਿੰਡੀ ਵਿਖੇ ਪਰਾਲੀ ਨਾ ਸਾੜਨ ਲਈ ਕਿਸਾਨ ਜਾਗਰੂਕਤਾ ਕੈਂਪ ਲਗਾਏ ਗਏ। ਇਸ ਮੌਕੇ ਨਾਇਬ ਤਹਸੀਲਦਾਰ ਸੁਖਵਿੰਦਰ ਸਿੰਘ, ਡਾ .ਬਲਜਿੰਦਰ ਸਿੰਘ ਖੇਤੀਬਾੜੀ ਅਫਸਰ, ਡਾ. ਮੋਹਣ ਸਿੰਘ ਵਾਹਲਾ ਖੇਤੀਬਾੜੀ ਵਿਸਥਾਰ ਅਫਸਰ ਗਾਹਲੜੀ ਠਾਕਰ ਰਵਿੰਦਰ ਸਿੰਘ ਕਾਨੂੰਗੋ ਅਸ਼ੋਕ ਕੁਮਾਰ., ਪਟਵਾਰੀ ਜੋਗਿੰਦਰਪਾਲ ਐਸ ਐਚ ਓ ਬਹਿਰਾਮਪੁਰ ਸਮੇਤ ਵੱਖ ਵੱਖ ਪਿੰਡਾਂ ਦਾ ਕਿਸਾਨ ਮੌਜੂਦ ਸਨ।

ਇਸ ਮੌਕੇ ਐਸ ਐਸਡੀਐਮ ਜਸਪਿੰਦਰ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜਿਲ੍ਹੇ ਅੰਦਰ ਪਰਾਲੀ ਨਾ ਸਾੜਨ ਦੀ ਮੁਹਿੰਮ ਚਲਾਈ ਗਈ ਹੈ, ਜਿਸ ਦੇ ਚਲਦਿਆਂ ਅੱਜ ਦੀਨਾਨਗਰ ਦੇ ਵੱਖ ਵੱਖ ਪਿੰਡਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਲਗਾਏ ਗਏ ਹਨ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ
ਨਾਲ ਸਹਿਯੋਗ ਕਰਦਿਆਂ ਪਰਾਲੀ/ਨਾੜ ਨੂੰ ਅੱਗ ਨਾ



ਲਾਈ ਜਾਵੇ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਨੁੱਕੜ ਮੀਟਿੰਗਾਂ ਰਾਹੀਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ ਜਾ ਰਹੀ ਹੈ।

ਬਹਿਰਾਮਪੁਰ ਵਿੱਚ ਖੇਤੀਬਾੜੀ ਵਿਸਥਾਰ ਅਫਸਰ ਮੋਹਣ ਸਿੰਘ ਵਾਹਲਾ ਦੀ ਅਗਵਾਈ ਵਿੱਚ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿੱਚ 85 ਕਿਸਾਨਾਂ ਨੇ ਹਿਸਾ ਲਿਆ।
ਇਸ ਮੌਕੇ ਐਸਡੀਐਮ ਦੀਨਾਨਗਰ ਵਲੋਂ ਕਿਸਾਨਾਂ ਤੋਂ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਪ੍ਰਾਣ ਲਿਆ ਗਿਆ।

# ਪੱਥਰੀ ਦਾ ਅਪ੍ਰੇਸ਼ਨ ਕਰਵਾਉਣ ਆਏ ਨੌਜਵਾਨ ਦੀ ਇਲਾਜ ਦੌਰਾਨ ਹੋਈ ਮੌਤ

ਗੁਰਦਾਸਪੁਰ-ਨਵਨੀਤ ਕੁਮਾਰ - ਗੁਰਦਾਸਪੁਰ ਦੇ ਨਿਜੀ ਹਸਪਤਾਲ ਵਿੱਚ ਪੱਥਰੀ ਦੇ ਅਪ੍ਰੇਸ਼ਨ ਲਈ ਦਾਖਲ ਹੋਏ ਮਰੀਜ਼ ਆਸ਼ੂਤੋਸ਼ ਮਹਾਜਨ ਨੂੰ ਸਰਕਾਰੀ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਵੀ ਜਿੰਦਾ ਹੋਣ ਦਾ ਦਾਅਵਾ ਕੀਤਾ ਸੀ। ਉਸ ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਦੇ ਡਾਕਟਰਾਂ ਨੇ ਅੱਜ ਸਵੇਰੇ ਮ੍ਰਿਤਕ ਘੋਸ਼ਿਤ ਕਰ ਦਿੱਤਾ। ਪਰਿਵਾਰਕ ਮੈਂਬਰ ਆਸ਼ੂਤੋਸ਼ ਦੀ ਮ੍ਰਿਤਕ ਦੇਹ ਸਮੇਤ ਮੁੜ ਤੋਂ ਹਸਪਤਾਲ ਦੇ ਬਾਹਰ ਧਰਨੇ ਵਿੱਚ ਬੈਠੇ ਗਏ ਹਨ ਤੇ ਦੂਜੇ ਪਾਸੇ ਪਰਿਵਾਰ ਦੀ ਹਿਮਾਇਤ ਵਿੱਚ ਆਏ ਸੈਂਕੜਿਆਂ ਦਾ ਸਮਾਜਿਕ ਆਗੂਆਂ ਅੰਮ੍ਰਿਤਸਰ ਪਠਾਨਕੋਟ ਨੈਸ਼ਨਲ ਹਾਈਵੇ ਤੇ ਬੱਬਰੀ ਨਾਕੇ ਤੇ ਜਾਮ ਲਗਾ ਦਿੱਤਾ ਹੈ। ਦੋਸ਼ ਲਗਾਏ ਜਾ ਰਹੇ ਹਨ ਕਿ ਪਰਿਵਾਰ ਨੂੰ ਨੌਜਵਾਨ ਦੇ ਬਚਣ ਦੀ ਉਮੀਦ ਦਿਖਾ ਕੇ ਵਰਗਲਾਇਆ ਗਿਆ ਅਤੇ ਲਾਸ਼ ਸਮੇਤ ਅੰਮ੍ਰਿਤਸਰ ਭੇਜ ਦਿੱਤਾ ਗਿਆ। ਜਦਕਿ ਆਸ਼ੂਤੋਸ਼ ਦੀ ਮੌਤ ਗੁਰਦਾਸਪੁਰ ਵਿੱਚ ਹੀ ਹੋ ਚੁੱਕੀ ਸੀ। ਦੋਸ਼ ਹੈ ਕਿ ਨਿਜੀ ਹਸਪਤਾਲ ਦੇ ਡਾਕਟਰਾਂ ਵੱਲੋਂ ਆਪਣੀ ਗਲਤੀ ਲੁਕਾਉਣ ਲਈ ਇਹ ਡਰਾਮਾ ਰਚਿਆ ਗਿਆ।





ਦੱਸ ਦਈਏ ਕਿ ਆਸ਼ੂਤੋਸ਼ ਦੇ ਦੋ ਛੋਟੇ ਛੋਟੇ ਬੱਚੇ ਹਨ ਜਿਨਾਂ ਵਿੱਚੋਂ ਵੱਡੀ ਲੜਕੀ ਜੋ ਕਰੀਬ 12 ਸਾਲ ਦੀ ਹੈ ਗੰਭੀਰ ਬਿਮਾਰੀ ਨਾਲ ਪੀੜਿਤ ਹੈ ਤੇ ਹਰ ਦੋ ਤਿੰਨ ਮਹੀਨੇ ਬਾਅਦ ਉਸਨੂੰ ਹਸਪਤਾਲ ਦਾਖਲ ਕਰਵਾਉਣਾ ਪੈਂਦਾ ਹੈ। ਦੂਜੇ ਪਾਸੇ ਆਸ਼ੂਤੋਸ਼ ਹੀ ਪਰਿਵਾਰ ਵਿੱਚ ਇਕਲੋਤਾ ਕਮਾਉਣ ਵਾਲਾ ਸੀ ਜੋਂ ਆਪਣੀ ਪਤਨੀ, ਦੋ ਬੱਚਿਆਂ , ਇੱਕ ਛੋਟੇ ਭਰਾ ਅਤੇ ਬਜ਼ੁਰਗ ਮਾਂ ਨੂੰ ਪਾਲਣ ਦੀ ਜ਼ਿੰਮੇਵਾਰੀ ਵੀ ਨਿਭਾਅ ਰਿਹਾ ਸੀ। ਇੱਥੇ ਦੱਸਣ ਯੋਗ ਹੈ ਕਿ ਬੀਤੇ ਕੱਲ ਮ੍ਰਿਤਕ ਆਸ਼ੂਤੋਸ਼ ਦਾ ਪਰਿਵਾਰ ਅਤੇ ਸਮਾਜਿਕ ਜਥੇਬੰਦੀਆਂ ਡਾਕਟਰ ਦੀ ਅਣਗਹਿਲੀ ਕਾਰਨ ਉਸ ਦੀ ਹਸਪਤਾਲ ਵਿੱਚ ਮੌਤ ਹੋਣ ਦਾ ਦੋਸ਼ ਲਗਾ ਰਹੇ ਸਨ ਜਦਕਿ ਹਸਪਤਾਲ ਦੇ ਡਾਕਟਰ ਦਾਅਵਾ ਕਰ ਰਹੇ ਸਨ ਕਿ ਉਹ ਜਿੰਦਾ ਹੈ। ਬਾਅਦ ਵਿੱਚ ਜਦੋਂ ਧਰਨਾਕਾਰੀਆਂ ਵੱਲੋਂ ਹਾਈਵੇ ਜਾਮ ਕੀਤਾ ਗਿਆ ਤਾਂ ਮਾਮਲੇ ਵਿੱਚ ਅਧਿਕਾਰੀਆਂ ਦੇ ਦਖਲ ਤੋਂ ਬਾਅਦ ਸਰਕਾਰੀ ਡਾਕਟਰਾਂ ਦੀ ਟੀਮ ਨੇ ਆ ਕੇ ਦਾਅਵਾ ਕੀਤਾ ਕਿ ਆਸ਼ੂਤੋਸ਼ ਜਿੰਦਾ ਹੈ, ਜਿਸ ਤੇ ਇਮੋਸ਼ਨਲੀ ਤੌਰ ਤੇ ਉਸਦੇ ਬਚਣ ਦੀ ਉਮੀਦ ਦਿਖਾ ਕੇ ਡਾਕਟਰਾਂ ਨੇ ਆਸ਼ੂਤੋਸ਼ ਮਹਾਜਨ ਦੇ ਪਰਿਵਾਰ ਨੂੰ ਆਸ਼ੂਤੋਸ਼ ਦੇ ਇਲਾਜ ਲਈ ਅੰਮ੍ਰਿਤਸਰ ਲੈ ਜਾਣ ਲਈ ਰਾਜ਼ੀ ਕਰ ਲਿਆ ਪਰ ਧਰਨੇ ਤੇ ਬੈਠੇ ਕਿਸਾਨ ਆਗੂਆਂ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਇਸ ਦਾ ਵਿਰੋਧ ਵੀ ਕੀਤਾ ਸੀ ਪਰ ਫਿਰ ਵੀ ਪਰਿਵਾਰ ਵੱਲੋਂ ਨੌਜਵਾਨ ਦੇ ਬਚਣ ਦੀ ਉਮੀਦ ਦੇ ਚਲਦੇ ਉਸ ਨੂੰ ਅੰਮ੍ਰਿਤਸਰ ਲੈ ਜਾਇਆ ਗਿਆ।ਹੁਣ ਪਰਿਵਾਰ ਦਾ ਦੋਸ਼ ਹੈ ਕਿ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ ਜਿੱਥੇ ਉਨ੍ਹਾਂ ਨੂੰ ਭੇਜਿਆ ਗਿਆ ਸੀ ਉਥੇ ਆਸ਼ੂਤੋਸ਼ ਨੂੰ ਮ੍ਰਿਤਕਾ ਵਾਂਗ ਹੀ ਰੱਖਿਆ ਗਿਆ ਤੇ ਕਿਸੇ ਡਾਕਟਰ ਨੇ ਉਸ ਦਾ ਇਲਾਜ ਨਹੀਂ ਕੀਤਾ ਜਿਸ ਤੋਂ ਸਾਬਿਤ ਹੁੰਦਾ ਹੈ ਕਿ ਡਾਕਟਰਾਂ ਨੂੰ ਪਹਿਲੇ ਹੀ ਪਤਾ ਸੀ ਕਿ ਉਸ ਦੀ ਮੌਤ ਹੋ ਚੁੱਕੀ ਹੈ।

ਮ੍ਰਿਤਕ ਆਸ਼ੂਤੋਸ਼ ਦਾ ਪਰਿਵਾਰ ਅਤੇ ਉਸ ਦੇ ਹਿਮਾਇਤ ਵਿੱਚ ਆਏ ਸਮਾਜਿਕ ਆਗੂ ਮੰਗ ਕਰ ਰਹੇ ਹਨ ਕਿ ਅਣਗਹਿਲੀ ਦੇ ਦੋਸ਼ੀ ਸਟਾਫ ਖਿਲਾਫ ਮਾਮਲਾ ਦਰਜ ਕੀਤਾ ਜਾਏ। ਇਹਨਾਂ ਵੱਲੋਂ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਕੁਲਦੀਪ ਸਿੰਘ ਬਿੱਲਾ, ਰਣਜੀਤ ਸਿੰਘ ਕਾਹਲੋਂ, ਮਨਮੋਹਨ ਸਿੰਘ ਭਾਗੋਵਾਲੀਆ, ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਮਹਾਜਨ ਅਤੇ ਮ੍ਰਿਤਕ ਆਸ਼ੂਤੋਸ਼ ਦੀ ਪਤਨੀ ਸ਼ਿਲਪਾ ਸ਼ਾਮਿਲ ਸਨ। ਮੌਕੇ ਤੇ ਪਹੁੰਚੇ ਐਸਡੀਐਮ ਤਜਿੰਦਰ ਸਿੰਘ ਵੱਲੋਂ ਉਹਨਾਂ ਨਾਲ ਕਮੇਟੀ ਬਣਾ ਕੇ ਜਾਂਚ ਕਰਵਾਉਣ ਦੀ ਗੱਲ ਕਹੀ ਗਈ ਪਰ ਉਹ ਹਸਪਤਾਲ ਸੀਲ ਕਰਨ ਅਤੇ ਡਾਕਟਰ ਦੇ ਖਿਲਾਫ ਐਫ ਆਈ ਆਰ ਦਰਜ ਕਰਨ ਦੀ ਮੰਗ ਤੇ ਅੜੇ ਰਹੇ। ਦੇਰ ਸ਼ਾਮ ਮੌਕੇ ਤੇ ਏਡੀਸੀ ਸੁਰਿੰਦਰ ਸਿੰਘ ਪਹੁੰਚੇ ਅਤੇ ਉਹਨਾਂ ਨਾਲ ਗੱਲਬਾਤ ਕੀਤੀ ਪਰ ਗੱਲ ਸਿਰੇ ਨਹੀਂ ਚੜੀ ਤਾਂ ਜਥੇਬੰਦੀਆਂ ਵੱਲੋਂ ਸਵੇਰੇ ਗੁਰਦਾਸਪੁਰ ਬੰਦ ਦੀ ਕਾਲ ਦੇ ਦਿੱਤੀ ਗਈ ਹੈ।

ਦੂਜੇ ਪਾਸੇ ਡਾਕਟਰ ਮਨਜੀਤ ਸਿੰਘ ਬੱਬਰ ਦਾ ਕਹਿਣਾ ਹੈ ਕਿ ਮਰੀਜ਼ ਦੀ ਜਾਂਚ ਕਰਨ ਵਾਲੀ ਟੀਮ ਨੇ ਵੀ ਮੰਨਿਆ ਤੀ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਤੱਕ ਮਰੀਜ਼ ਜਿੰਦਾ ਹਾਲਤ ਵਿੱਚ ਸੀ। ਇਸ ਲਈ ਇਲਾਜ ਵਿੱਚ ਕੋਈ ਅਣਗਹਿਲੀ ਨਹੀਂ ਵਰਤੀ ਗਈ। ਡਾਕਟਰਾਂ ਦਾ ਕਹਿਣਾ ਹੈ ਕਿ ਮਰੀਜ਼ ਦੀ ਮੌਤ ਅਧਰੰਗ ਅਟੈਕ ਨਾਲ ਹੋਈ ਹੈ।

ਰੋਜ਼ਾਨਾ ਲੋਕ ਬਾਣੀ
www.lokbani

# ਗ੍ਰਾਮ ਪੰਚਾਇਤ ਦੀ ਵੋਟਰ ਸੂਚੀ 'ਚ ਵੋਟਰ 3 ਅਕਤੂਬਰ ਤੱਕ ਨਾਂ ਦਰਜ਼ ਕਰਵਾ ਸਕਦਾ: ਗੁਰਮੰਦਰ ਸਿੰਘ



ਖਰੜ, ( ਕਾਲਾ ਸਿੰਘ ਸੈਣੀ ):- ਉਪ ਮੰਡਲ ਮੈਜਿਸਟ੍ਰੇਟ ਗੁਰਮੰਦਰ ਸਿੰਘ ਨੇ ਦਸਿਆ ਕਿ ਰਾਜ ਚੋਣ ਕਮਿਸ਼ਨ ਪੰਜਾਬ ਵਲੋਂ ਜਾਰੀ ਕੀਤੀਆਂ ਗਈਆਂ ਵੋਟਰ ਸੂਚੀਆਂ ਅਨੁਸਾਰ ਗਰਾਮ ਪੰਚਾਇਤਾਂ ਚੋਣਾਂ 2024 ਦਾ ਕੰਮ ਸ਼ੁਰੂ ਹੋ ਗਿਆ ਹੈ। ਗ੍ਰਾਮ ਪੰਚਾਇਤਾਂ ਚੋਣਾਂ ਦੀਆਂ ਵੋਟਰ ਸੂਚੀਆਂ ਤਿਆਰ ਕਰਨ ਸਮੇਂ ਯੋਗਤਾ ਮਿਤੀ 30-8-2024 ਨਿਰਧਾਰਿਤ ਕੀਤੀ ਗਈ ਸੀ ਅਤੇ ਜੇਕਰ ਕਿਸੇ ਦਾ ਵੋਟਰ ਸੂਚੀ ਵਿਚ ਨਾਂ ਦਰਜ਼ ਹੋਣ ਤੋਂ ਰਹਿ ਗਿਆ ਸੀ ਉਹ ਵੋਟਰ ਹੁਣ ਦਰਜ਼ ਕਰਵਾ ਸਕਦੇ ਹਨ। ਉਨਾਂ ਦਸਿਆ ਕਿ ਯੋਗਤਾ ਮਿਤੀ ਅਨੁਸਾਰ ਕਿਸੇ ਵੀ ਯੋਗ ਵੋਟਰ ਦੀ ਵੋਟ ਗ੍ਰਾਮ ਪੰਚਾਇਤ ਦੀ ਵੋਟਰ ਸੂਚੀ ਵਿਚ ਦਰਜ਼ ਹੋਣ ਤੋਂ ਰਹਿ ਗਈ ਹੈ ਤਾਂ ਉਹ ਵੋਟਰ ਕਿਸੇ ਵੀ ਕੰਮ ਵਾਲੇ ਦਿਨ ਮਿਤੀ 03-10-2024 ਤੋਂ ਪਹਿਲਾਂ ਫਾਰਮ ਨੰ:1 ਨਵੀ ਵੋਟ ਬਣਾਉਣ ਲਈ ,ਫਾਰਮ ਨੰ: 2 ਵੋਟ ਕਟਵਾਉਣ ,ਫਾਰਮ ਨੰ:3 ਵੋਟ ਵਿਚ ਸੋਧ ਕਰਵਾਉਣ ਲਈ ਫਾਰਮ ਭਰਕੇ ਦੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਪਾਸੋ ਜਮਾਂ ਕਰਵਾ ਸਕਦੇ ਹਨ।

ਰੋਜ਼ਾਨਾ ਲੋਕ ਬਾਣੀ
www.lokbani

# ਮਹਿਲਾਵਾਂ ਨੂੰ ਪ੍ਰੋਡੰਕਟ ਤਿਆਰ ਕਰਨ ਲਈ ਦਿੱਤੀ ਟ੍ਰੇਨਿੰਗ



ਖਰੜ, ( ਕਾਲਾ ਸਿੰਘ ਸੈਣੀ ):-ਨਬਾਰਡ ਵਲੋਂ ਮਹਿਲਾਵਾਂ ਨੂੰ ਆਪਣੇ ਕਾਰੋਬਾਰ ਸਥਾਪਿਤ ਕਰਨ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਸੈਲਪ ਹੈਲਪ ਗਰੁੱਪ ਬਣਾ ਕੇ ਵਿਸ਼ੇਸ਼ ਤੌਰ ਤੇ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਮਹਿਲਾ ਕਲਿਆਣ ਸਮਿਤੀ ਖਰੜ ਦੀ ਪ੍ਰਧਾਨ ਦੀਪਿਕਾ ਸਿੰਧਵਾਨੀ ਨੇ ਦਸਿਆ ਕਿ ਨਬਾਰਡ ਵਲੋਂ ਭੈਣਾਂ ਦੇ ਫਾਰਮ ਵਿਚ 15 ਦਿਨਾਂ ਮਹਿਲਾਵਾਂ ਨੂੰ ਵੱਖ ਵੱਖ ਪ੍ਰਕਾਰ ਦੀਆਂ ਵਸਤਾਂ ਤਿਆਰ ਕਰਨ ਲਈ ਟ੍ਰੇਨਿੰਗ ਦਿੱਤੀ ਗਈ। ਉਨਾਂ ਮਹਿਲਾਵਾਂ ਵਲੋਂ ਦੇਸੀ ਘੀ ਨਾਲ ਤਿਆਰ ਹੋਣ ਵਾਲੀਆਂ ਵਸਤੂਆਂ ਤਿਆਰ ਕਰਨ ਬਾਰੇ ਜਾਣਕਾਰੀ ਵੀ ਦਿੱਤੀ ਗਈ। ਭੈਣਾਂ ਦਾ ਫਾਰਮ ਨਬਾਰਡ ਦੇ ਸਹਿਯੋਗ ਨਾਲ ਮਹਿਲਾ ਏਕਤਾ ਫੂਡਸ ਪ੍ਰੋਡਸਰ ਕੰਪਨੀ ਹੇਠ ਕੰਮ ਕਰ ਰਹੀ ਹੈ। ਉਨਾਂ ਦਸਿਆ ਕਿ ਸੈਲਪ ਹੈਲਪ ਗਰੁੱਪਾਂ ਵਲੋਂ ਤਿਆਰ ਕੀਤੀਆਂ ਜਾਂਦੀਆਂ ਵਸਤੂਆਂ ਪ੍ਰਗਤੀ ਮੈਦਾਨ ਨਵੀਂ ਦਿੱਲੀ, ਆਤਮ ਨਿਰਭਰ ਮੇਲਾ, ਸਿਵਲ, ਚੰਡੀਗੜ, ਲੁਧਿਆਣਾ, ਅਮ੍ਰਿਤਸਰ ਵਿਖੇ ਪ੍ਰਦਰਸ਼ਨੀ ਲਗਾਈ ਜਾ ਚੁੱਕੀ ਹੈ। ਉਨਾਂ ਪਿੰਡਾਂ ਦੀਆਂ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਿੰਡਾਂ ਵਿਚ ਸੈਲਪ ਹੈਲਪ ਗਰੁੱਪ ਬਣਾ ਕੇ ਨਬਾਰਡ ਦੇ ਸਹਿਯੋਗ ਨਾਲ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਲੈ ਸਕਦੇ ਹਨ।

ਰੋਜ਼ਾਨਾ ਲੋਕ ਬਾਣੀ
www.lokbani

# ਕਾਨਪੁਰ: ਸਿਸਾਮਊ ਤੋਂ ਟਿਕਟ ਲਈ ਬੀਜੇਪੀ ਵਿੱਚ ਲੜਾਈ ਜਾਰੀ ਹੈ

ਕਾਨਪੁਰ (ਸੁਨੀਲ ਬਾਜਪਾਈ) ਸਮਾਜਵਾਦੀ ਪਾਰਟੀ ਦੇ ਇਰਫਾਨ ਸੋਲੰਕੀ ਨੂੰ ਜਾਜਮਾਊ ਅੱਗਜ਼ਨੀ ਮਾਮਲੇ ਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਖਾਲੀ ਹੋਏ ਸਿਸਾਮਊ ਵਿਧਾਨ ਸਭਾ ਹਲਕੇ ਦੀ ਉਪ ਚੋਣ ਚ ਭਾਰਤੀ ਜਨਤਾ ਪਾਰਟੀ ਤੋਂ ਟਿਕਟ ਦੇ ਦਾਅਵੇਦਾਰਾਂ ਦਾ ਸੰਘਰਸ਼ ਜਾਰੀ ਹੈ। ਇਸ ਵਿਧਾਨ ਸਭਾ ਹਲਕੇ ਵਿੱਚ ਜਿੱਤ ਜਾਂ ਹਾਰ ਦਾ ਫੈਸਲਾ ਕਰੀਬ ਢਾਈ ਲੱਖ ਵੋਟਰਾਂ ਨੇ ਕਰਨਾ ਹੈ। ਜਿੱਥੋਂ ਤੱਕ ਦਾਅਵੇਦਾਰਾਂ ਦਾ ਸਬੰਧ ਹੈ। ਵੱਖ-ਵੱਖ ਹਲਕੇ ਬਦਲ ਕੇ ਲਗਾਤਾਰ ਪੰਜਵੀਂ ਵਾਰ ਕੌਂਸਲਰ ਦੀ ਚੋਣ ਜਿੱਤਣ ਵਾਲੇ ਭਾਰਤੀ ਸਮੇਤ ਇਕ ਦਰਜਨ ਤੋਂ ਵੱਧ ਭਾਜਪਾ ਟਿਕਟ ਲਈ ਕਤਾਰ ਵਿਚ ਹਨ, ਜੋ 1991 ਵਿਚ ਰਾਮ ਜਨਮ ਭੂਮੀ ਅੰਦੋਲਨ ਦੌਰਾਨ ਫਤਿਹਗੜ੍ਹ ਜੇਲ੍ਹ ਵਿਚ 11 ਮਹੀਨੇ ਕੈਦ ਅਤੇ ਫਿਰ ਕਾਨਪੁਰ ਜੇਲ੍ਹ ਵਿਚ ਬੰਦ ਰਹੇ। 1993 ਵਿੱਚ 9 ਮਹੀਨਿਆਂ ਲਈ। ਜਨਤਾ ਪਾਰਟੀ ਦੇ ਇੱਕ ਚਮਚਾਗਿਰੀ, ਵਿਹਾਰਕ ਅਤੇ ਬਹੁਤ ਹੀ ਜੁਝਾਰੂ ਨੇਤਾਵਾਂ ਵਿੱਚੋਂ ਇੱਕ ਪੰਜਵੀਂ ਵਾਰ ਕੌਂਸਲਰ ਚੁਣੇ ਗਏ ਅਤੇ ਕੌਂਸਲਰ ਪਾਰਟੀ ਦੇ ਆਗੂ ਨਵੀਨ ਪੰਡਿਤ ਦਾ ਨਾਮ ਵੀ ਚਰਚਾ ਵਿੱਚ ਹੈ।

ਜੇਕਰ ਸਮਰਥਕ ਸੂਤਰਾਂ ਦੀ ਮੰਨੀਏ ਤਾਂ ਨਵੀਨ ਪੰਡਿਤ ਵੋਟਰਾਂ ਤੇ ਆਪਣੀ ਪਕੜ ਦੇ ਮਾਮਲੇ ਚ ਓਨੇ ਹੀ ਮਜ਼ਬੂਤ ਹਨ। ਨਵੀਨ ਪੰਡਿਤ ਦੇ ਹੁਣ ਤੱਕ ਦੇ ਜੁਝਾਰੂ ਸਿਆਸੀ ਇਤਿਹਾਸ ਅਤੇ ਪਾਰਟੀ ਅਤੇ ਜਨਤਾ ਦੇ ਹਿੱਤ ਵਿੱਚ ਕੀਤੇ ਅਣਗਿਣਤ ਕੰਮਾਂ ਅਤੇ ਅੰਦੋਲਨਾਂ ਤੋਂ ਇਸ ਹੱਦ ਤੱਕ ਕੋਈ ਹੋਰ ਦਾਅਵੇਦਾਰ ਕਦੇ ਵੀ ਨਹੀਂ ਹੈ।

ਅਸਲ ਚ ਉਹ ਉਹੀ ਖਾੜਕੂ ਨਵੀਨ ਪੰਡਿਤ ਹਨ, ਜਿਨ੍ਹਾਂ ਨੂੰ ਸਿਸਾਮਾਊ ਤੋਂ ਜਿੱਤਣ ਦਾ ਚੋਟੀ ਦਾ ਦਾਅਵੇਦਾਰ ਮੰਨਿਆ ਜਾਂਦਾ ਹੈ, ਜਿਸ ਨਾਲ ਮਰਹੂਮ ਭਾਰਤ ਰਤਨ ਅਟਲ ਬਿਹਾਰੀ ਬਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਕਲਰਾਜ ਮਿਸ਼ਰਾ, ਰਾਜਨਾਥ ਸਿੰਘ ਨੇ ਰਸੂਕਾ ਚ ਜੇਲ ਚ ਰਹਿਣ ਦੌਰਾਨ ਰਾਮ ਜਨਮ ਭੂਮੀ ਅੰਦੋਲਨ, ਸਵਰਗੀ ਰਾਜੇਂਦਰ ਗੁਪਤਾ, ਵਿਨੈ ਕਟਿਆਰ, ਉਮਾਭਾਰਤੀ, ਡਾ: ਦਿਨੇਸ਼ ਸ਼ਰਮਾ ਵਰਗੇ ਆਗੂ ਜੇਲ੍ਹ ਵਿੱਚ ਆਏ ਅਤੇ ਨਵੀਨ ਪੰਡਿਤ ਨੂੰ ਮਿਲੇ, ਜਿਨ੍ਹਾਂ ਦੀ ਨਿਰਪੱਖ ਅਤੇ ਪਾਰਦਰਸ਼ੀ ਕਾਰਜਸ਼ੈਲੀ ਨੇ ਉਨ੍ਹਾਂ ਨੂੰ ਵੱਖ-ਵੱਖ ਜਨਤਕ ਅੰਦੋਲਨਾਂ ਵਿੱਚ ਰਹਿੰਦੇ ਹੋਏ ਵੀ ਇੱਕ ਪ੍ਰਸਿੱਧ ਕਾਰਕੁਨ ਵਜੋਂ ਜਾਣਿਆ। ਭਾਜਪਾ ਦੇ ਵਿਰੋਧੀ ਨੇ ਵੀ ਉਸ ਨੂੰ ਉਤਸ਼ਾਹਿਤ ਕੀਤਾ ਸੀ।



ਪਾਰਟੀ ਨੂੰ ਮਜਬੂਤ ਕਰਨ ਅਤੇ ਇਸ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਕਈ ਅਹੁਦਿਆਂ ਤੇ ਕਾਬਜ਼ ਹੋਣ ਦੇ ਨਾਲ-ਨਾਲ ਉਹ ਲੋਕ ਹਿੱਤਾਂ ਦੀ ਸੇਵਾ ਕਰਨ ਲਈ ਦ੍ਰਿੜ ਇਰਾਦੇ ਨਾਲ ਕੰਮ ਕਰਨ ਵਾਲੇ, ਹਰ ਕਿਸੇ ਦੇ ਦੁੱਖ-ਸੁੱਖ ਚ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਰਹਿੰਦੇ ਹਨ ਅਤੇ ਚੰਗਾ ਵਿਵਹਾਰ ਕਰਦੇ ਹਨ , ਉਹ ਕੋਈ ਵੀ ਚੋਣ ਜਿੱਤਦਾ ਹੈ, ਜਿਸ ਨੂੰ ਸਿਸਮਾਊ ਤੋਂ ਟਿਕਟ ਦਾ ਸਭ ਤੋਂ ਵਧੀਆ ਦਾਅਵੇਦਾਰ ਮੰਨਿਆ ਜਾਂਦਾ ਹੈ ਅਤੇ ਹਰ ਜਾਤ, ਹਰ ਧਰਮ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਵਿਚ 100,000 ਦੀ ਹੱਦ ਤੱਕ ਮਜ਼ਬੂਤ ਪਕੜ ਹੈ, ਸਾਰਿਆਂ ਨੂੰ ਹਰਾਉਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਕਾਨਪੁਰ ਲੋਕ ਸਭਾ ਹਲਕੇ ਦੇ ਵੋਟਰਾਂ ਲਈ ਲਾਂਚ ਕੀਤੀ ਗਈ ਨਮੋ ਐਪ ਵਿੱਚ ਵੀ ਉਸਨੇ 10 ਲੱਖ ਅੰਕ ਪ੍ਰਾਪਤ ਕਰਕੇ ਕਾਨਪੁਰ ਵਿੱਚ ਆਪਣੀ ਪ੍ਰਸਿੱਧੀ ਸਾਬਤ ਕੀਤੀ ਹੈ।

ਹੁਣ ਨਗਰ ਨਿਗਮ ਦੇ ਅਹਿਮ ਅੰਗਾਂ ਵਾਲਮੀਕਿ ਵਿਕਾਸ ਪ੍ਰੀਸ਼ਦ (ਰਜਿ.), ਨਗਰ ਨਿਗਮ, ਵਿਕਾਸ ਅਥਾਰਟੀ, ਜਲ ਵਿਭਾਗ, ਸਾਂਝੀ ਵਾਹਨ ਚਾਲਕ ਕਰਮਚਾਰੀ ਐਸੋਸੀਏਸ਼ਨ ਅਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਅਤੇ ਸੈਂਕੜੇ ਸਮਰਥਕਾਂ ਦੇ ਪੁਰਜ਼ੋਰ ਸਹਿਯੋਗ ਨਾਲ ਕੇਵਲ ਖਾੜਕੂ ਨਵੀਨ ਪੰਡਿਤ ਨੂੰ ਸਿਸਮਾਊ ਤੋਂ ਭਾਜਪਾ ਉਮੀਦਵਾਰ ਬਣਾਏ ਜਾਣ ਦੀ ਮੰਗ ਉੱਠ ਰਹੀ ਹੈ। ਸਮਰਥਕਾਂ ਅਨੁਸਾਰ ਪਿਛਲੇ 20 ਸਾਲਾਂ ਤੋਂ 2900 ਤੋਂ ਵੱਧ ਮੁਸਲਿਮ ਵੋਟਰਾਂ ਸਮੇਤ 10 ਹਜ਼ਾਰ ਤੋਂ ਵੱਧ ਵਰਕਰਾਂ ਵਾਲੀ ਗੈਰ-ਸਿਆਸੀ ਜਥੇਬੰਦੀ ਭਾਜਪਾ ਕੌਂਸਲਰ ਗਰੁੱਪ ਦੇ ਆਗੂ ਅਤੇ ਦੱਖਣ ਵਿਕਾਸ ਮੋਰਚਾ ਦੇ ਕਨਵੀਨਰ ਪ੍ਰਧਾਨ ਨਵੀਨ ਪੰਡਿਤ, ਜਿਨ੍ਹਾਂ ਨੇ ਲੰਮੇ ਸਮੇਂ ਤੋਂ ਸ. -ਸਿਸਮਾਉ ਵਿਧਾਨ ਸਭਾ ਹਲਕੇ ਨਾਲ ਜੁੜੇ ਰਹੇ ਪੰਨਾ ਲਾਲ ਤੰਬੇ ਦੇ ਨੁਮਾਇੰਦੇ ਵਜੋਂ ਕਮਿਸ਼ਨ ਦੇ ਚੇਅਰਮੈਨ ਹੁੰਦਿਆਂ ਉਨ੍ਹਾਂ ਨੇ ਸਿਸਮਾਊ ਦੀ ਹਰ ਝੁੱਗੀ ਵਿੱਚ ਹਰ ਸੰਭਵ ਵਿਕਾਸ ਕਰਵਾਇਆ। ਵਿਧਾਨ ਸਭਾ ਹਲਕਾ, ਜਿੱਥੇ ਨਗਰ ਨਿਗਮ ਆਦਿ ਦੇ 2000 ਤੋਂ ਵੱਧ ਕਰਮਚਾਰੀ ਅਤੇ 1000 ਤੋਂ ਵੱਧ ਡਰਾਈਵਰ ਰਹਿੰਦੇ ਹਨ, ਉੱਥੇ ਹੀ ਵਿਧਾਨ ਸਭਾ ਹਲਕੇ ਦੇ ਸੈਂਕੜੇ ਪਰਿਵਾਰਾਂ ਨਾਲ ਉਨ੍ਹਾਂ ਦੇ ਪਰਿਵਾਰਕ ਸਬੰਧਾਂ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੀ ਪ੍ਰਸਿੱਧੀ ਯਕੀਨੀ ਤੌਰ ਤੇ ਇਸ ਦਾ ਕਾਰਨ ਬਣ ਸਕਦੀ ਹੈ। ਭਾਰਤੀ ਜਨਤਾ ਪਾਰਟੀ ਦੀ ਜਿੱਤ

ਰੋਜ਼ਾਨਾ ਲੋਕ ਬਾਣੀ
www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਪਾਲਿਸੀ ਰਿਕਾਰਡ ਨੂੰ ਗੁੰਮ ਕਰਨ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਨਗਰ ਨਿਗਮ ਲੁਧਿਆਣਾ ਦੇ ਦੋ ਕਲਰਕ ਗ੍ਰਿਫ਼ਤਾਰ



ਚੰਡੀਗੜ੍ਹ /ਲੁਧਿਆਣਾ : (ਵਰਿੰਦਰ ਪ੍ਰਕਾਸ਼ ਭਾਂਬਰੀ/ਸੁਖਚੈਨ ਮਹਿਰਾ):ਪੰਜਾਬ ਵਿਜੀਲੈਂਸ ਬਿਊਰੋ ਨੇ ਨਗਰ ਨਿਗਮ ਲੁਧਿਆਣਾ ਦੇ ਪਾਲਿਸੀ (ਨੀਤੀ) ਰਿਕਾਰਡ ਨੂੰ ਗੁੰਮ ਕਰਨ ਦੇ ਦੋਸ਼ ਹੇਠ ਨਿਗਮ ਦੀ ਲਾਅ ਬ੍ਰਾਂਚ, ਜ਼ੋਨ-ਏ ਵਿਖੇ ਤਾਇਨਾਤ ਕਲਰਕ ਅਜੈ ਕੁਮਾਰ ਅਤੇ ਤਹਿ ਬਾਜ਼ਾਰੀ, ਜ਼ੋਨ-ਸੀ ਵਿਖੇ ਤਾਇਨਾਤ ਕਲਰਕ ਲਖਵੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਦੋਵੇਂ ਮੁਲਜ਼ਮ ਕਲਰਕਾਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਆਈ.ਪੀ.ਸੀ. ਦੀ ਧਾਰਾ 409, 201, 204, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1) ਅਤੇ 13(2) ਅਧੀਨ ਐਫ.ਆਈ.ਆਰ. ਨੰਬਰ 30 ਮਿਤੀ 27.09.2024 ਤਹਿਤ ਕੇਸ ਦਰਜ ਕੀਤਾ ਗਿਆ ਹੈ।ਹੋਰ ਵੇਰਵੇ ਦਿੰਦਿਆਂ ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 2009 ਦੇ ਇੱਕ ਸੀ.ਓ.ਸੀ.ਪੀ. 1299, 1319, 772, 12559 ਅਤੇ 917 ਵਿੱਚ ਮਿਤੀ 22.01.2010 ਨੂੰ ਹੁਕਮ ਜਾਰੀ ਕਰਕੇ ਗਿੱਲ ਰੋਡ, ਲੁਧਿਆਣਾ ਵਿਖੇ ਸਥਿਤ ਆਰਜ਼ੀ ਸਕੂਟਰ ਮਾਰਕੀਟ, ਆਈ.ਟੀ.ਈ. ਦੇ ਸਾਹਮਣੇ ਖੋਖਾ ਮਾਰਕੀਟ ਅਤੇ ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ ਦੇ ਕਾਰ ਬਾਜ਼ਾਰ ਨੂੰ ਤਬਦੀਲ ਕਰਨ ਦੇ ਹੁਕਮ ਜਾਰੀ ਕੀਤੇ ਸਨ।ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧ ਪਾਲਿਸੀ ਤਿਆਰ ਕਰਨ ਉਪਰੰਤ ਨਗਰ ਨਿਗਮ ਲੁਧਿਆਣਾ ਦੇ ਤਤਕਾਲੀ ਮੇਅਰ ਵੱਲੋਂ 15.02.2010 ਨੂੰ ਜਨਰਲ ਹਾਊਸ ਦੀ ਮੀਟਿੰਗ ਵਿੱਚ ਇੱਕ ਮਤਾ ਪਾਸ ਕੀਤਾ ਗਿਆਅਤੇ ਇੱਕ ਕਮੇਟੀ ਦਾ ਗਠਨ ਕਰਕੇ ਇਸ ਸਬੰਧੀ 18.02.2010 ਨੂੰ ਰਿਪੋਰਟ ਸੌਂਪਣ ਲਈ ਕਿਹਾ ਗਿਆ। ਉਨ੍ਹਾਂ ਦੱਸਿਆ ਕਿ ਸਾਲ 2010 ਵਿੱਚ ਨਗਰ ਨਿਗਮ ਲੁਧਿਆਣਾ ਦੇ ਤਤਕਾਲੀ ਕਮਿਸ਼ਨਰ ਅਤੇ ਕਮੇਟੀ ਨੇ ਸਕੂਟਰ ਮਾਰਕੀਟ ਅਤੇ ਖੋਖਾ ਮਾਰਕੀਟ ਨੂੰ ਤਬਦੀਲ ਕਰਨ ਬਾਰੇ ਕੁਝ ਸੁਝਾਅ ਦਿੱਤੇ ਸਨ।ਬੁਲਾਰੇ ਨੇ ਅੱਗੇ ਦੱਸਿਆ ਕਿ ਵਿਨੈ ਕੁਮਾਰ ਵੱਲੋਂ ਦਾਇਰ ਸੀ.ਡਬਲਿਊ.ਪੀ. 4304 ਆਫ਼ 2013 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 03.10.2023 ਅਤੇ 08.05.2024 ਨੂੰ ਜਾਰੀ ਹੁਕਮਾਂ ਅਨੁਸਾਰ ਵਿਜੀਲੈਂਸ ਬਿਊਰੋ ਲੁਧਿਆਣਾ ਰੇਂਜ ਵੱਲੋਂ ਸਬੰਧਤ ਕੇਸ ਵਿੱਚ ਜਾਂਚ ਕੀਤੀ ਗਈ।ਨਗਰ ਨਿਗਮ ਲੁਧਿਆਣਾ ਦੇ ਅਧਿਕਾਰੀਆਂ ਵੱਲੋਂ ਇਸ ਨੀਤੀ ਨਾਲ ਸਬੰਧਤ ਅਸਲ ਰਿਕਾਰਡ ਵਿਜੀਲੈਂਸ ਬਿਊਰੋ ਲੁਧਿਆਣਾ ਰੇਂਜ ਨੂੰ ਮੁਹੱਈਆ ਨਾ ਕਰਵਾਏ ਜਾਣ ਉਪਰੰਤ 28.08.2024 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਹੁਕਮ ਪਾਸ ਕੀਤਾ ਗਿਆ, ਜਿਸ ਵਿੱਚ ਕਿਹਾ ਗਿਆ ਕਿ ਅਧਿਕਾਰਾਂ ਦੀ ਵਰਤੋਂ ਦੇ ਸਬੰਧ ਵਿੱਚ ਗੰਭੀਰ ਅਣਗਹਿਲੀਆਂ ਸਾਹਮਣੇ ਆਉਣ ਦੇ ਮੱਦੇਨਜ਼ਰ ਵਿਜੀਲੈਂਸ ਬਿਊਰੋ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਜੇਕਰ ਸਬੰਧਤ ਦਸਤਾਵੇਜ਼ 07 ਦਿਨਾਂ ਦੀ ਮਿਆਦ ਦੇ ਅੰਦਰ ਨਹੀਂ ਸੌਂਪੇ ਜਾਂਦੇ ਤਾਂ ਮੌਜੂਦਾ ਕੇਸ ਵਿੱਚ ਐਫ.ਆਈ.ਆਰ. ਦਰਜ ਕਰਨ ਉਪਰੰਤ ਕਾਨੂੰਨ ਦੇ ਅਨੁਸਾਰ ਕੇਸ ਦੀ ਜਾਂਚ ਯਕੀਨੀ ਬਣਾਈ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧ ਵਿੱਚ ਨਗਰ ਨਿਗਮ ਲੁਧਿਆਣਾ ਦੇ ਕਮਿਸ਼ਨਰ ਤੋਂ 03.09.2024 ਨੂੰ ਅਸਲ ਫ਼ਾਈਲ ਦੇ ਗੁੰਮ ਹੋਣ ਸਬੰਧੀ ਰਿਪੋਰਟ ਪ੍ਰਾਪਤ ਹੋਈ । ਉਨ੍ਹਾਂ ਅੱਗੇ ਦੱਸਿਆ ਕਿ ਪੁੱਛਗਿੱਛ ਦੌਰਾਨ ਕਲਰਕ ਲਖਵੀਰ ਸਿੰਘ ਨੇ ਦੱਸਿਆ ਹੈ ਕਿ ਅਸਲ ਫਾਈਲ ਕਲਰਕ ਰੌਣੀ ਨੂੰ ਮਿਤੀ 24.11.2019 ਨੂੰ ਸ਼ਾਮ 7 ਵਜੇ ਨਗਰ ਨਿਗਮ ਕਮਿਸ਼ਨਰ ਲੁਧਿਆਣਾ ਦੇ ਕੈਂਪ ਆਫਿਸ ਵਿਖੇ ਦਿੱਤੀ ਗਈ ਸੀ ਅਤੇ ਕਲਰਕ ਰੌਣੀ ਦੀ ਮੌਤ ਹੋ ਚੁੱਕੀ ਹੈ। ਇਸ ਸਬੰਧ ਵਿੱਚ ਕੀਤੀ ਗਈ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਉਕਤ ਫਾਈਲ ਨਗਰ ਨਿਗਮ ਲੁਧਿਆਣਾ ਦੀ ਬ੍ਰਾਂਚ ਵਿੱਚ ਵਾਪਸ ਪ੍ਰਾਪਤ ਹੋਈ ਸੀ।

ਬੁਲਾਰੇ ਨੇ ਦੱਸਿਆ ਕਿ ਪੜਤਾਲ ਵਿੱਚ ਇਹ ਗੱਲ ਸਾਹਮਣੇ ਆਉਣ ਕਿ ਅਸਲ ਫਾਈਲ 12.12.2019 ਨੂੰ ਤਹਿ ਬਾਜ਼ਾਰੀ ਬ੍ਰਾਂਚ ਨੂੰ ਭੇਜੀ ਗਈ ਸੀ, ਦੋਵੇਂ ਕਲਰਕਾਂ ਵੱਲੋਂ ਸੁਣਾਈ ਗਈ ਕਹਾਣੀ ਝੂਠੀ ਸਾਬਤ ਹੋਈ ਜਿਸ ਉਪਰੰਤ ਜਾਂਚ ਅਨੁਸਾਰ ਤਹਿ ਬਾਜ਼ਾਰੀ ਬ੍ਰਾਂਚ ਦੇ ਲਖਵੀਰ ਸਿੰਘ ਅਤੇ ਲਾਅ ਬ੍ਰਾਂਚ ਦੇ ਅਜੇ ਕੁਮਾਰ ਨਾਮਕ ਦੋ ਕਲਰਕਾਂ ਨੂੰ ਨੀਤੀ ਸਬੰਧੀ ਰਿਕਾਰਡ ਗੁੰਮ ਕਰਨ ਲਈ ਦੋਸ਼ੀ ਪਾਇਆ ਗਿਆ ਅਤੇ ਦੋਵਾਂ ਮੁਲਜ਼ਮਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਨਗਰ ਨਿਗਮ ਲੁਧਿਆਣਾ ਦੇ ਹੋਰ ਅਧਿਕਾਰੀਆਂ/ਕਰਮਚਾਰੀਆਂ/ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

ਰੋਜ਼ਾਨਾ ਲੋਕ ਬਾਣੀ www.lokbani

# ਖੇਡਾਂ ਵਤਨ ਪੰਜਾਬ ਦੀਆਂ ਚ ਸ਼ਾਂਤੀ ਦੇਵੀ ਕਾਲਜ ਦੀ ਪ੍ਰੋ: ਸੋਨੀਆ ਠਾਕੁਰ ਨੇ ਜਿਲ੍ਹੇ ਚੋਂ ਦੂਜਾ ਸਥਾਨ ਹਾਸਲ ਕੀਤਾ




ਦੀਨਾਨਗਰ (ਡਾ.ਰਮੇਸ਼ ਸਰੰਗਲ ) ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪੱਧਰੀ ਬੈਡਮਿੰਟਨ ਟੂਰਨਾਮੈਂਟ 27 ਸਤੰਬਰ ਨੂੰ ਗੁਰਦਾਸਪੁਰ ਵਿਖੇ ਕਰਵਾਇਆ ਗਿਆ। ਇਸ ਵਿੱਚ ਸ਼ਾਂਤੀ ਦੇਵੀ ਕਾਲਜ ਦੀ ਪ੍ਰੋਫੈਸਰ ਸੋਨੀਆ ਠਾਕੁਰ ਨੇ ਭਾਗ ਲਿਆ ਅਤੇ ਜਿਲ੍ਹੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਜਿਸ ਕਰਕੇ ਉਨ੍ਹਾਂ ਨੂੰ ਰਾਜ ਪੱਧਰ ਲਈ ਚੁਣਿਆ ਗਿਆ ਹੈ। ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਦੀ ਪ੍ਰਿੰਸੀਪਲ ਮੈਡਮ ਡਾ. ਸਰਲਾ ਨਿਰੰਕਾਰੀ ਅਤੇ ਪ੍ਰਬੰਧਕਾਂ ਨੇ ਉਸਦੀ ਹੰਸਲਾ ਅਫਜਾਈ ਕੀਤੀ। ਇਸ ਮੌਕੇ ਤੇ ਕਾਲਜ ਪ੍ਰਿੰਸੀਪਲ ਡਾ ਸਰਲਾ ਨਿਰੰਕਾਰੀ ਨੇ ਕਿਹਾ ਕਿ ਪ੍ਰੋਫੈਸਰ ਸੋਨੀਆ ਠਾਕੁਰ ਨੇ ਜਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਹੈ ਸਾਨੂੰ ਪੂਰੀ ਉਮੀਦ ਹੈ ਕਿ ਸੋਨੀਆ ਠਾਕੁਰ ਸਟੇਟ ਲੇਵਲ ਤੇ ਵੀ ਵਧੀਆ ਪ੍ਰਦਰਸ਼ਨ ਕਰੇਗੀ। ਇਸ ਮੌਕੇ ਤੇ ਪ੍ਰੋ: ਸੋਨੀਆ ਠਾਕੁਰ ਨੇ ਕਿਹਾ ਕਿ ਹਰੇਕ ਮਹਿਲਾ ਨੂੰ ਆਪਣੀ ਜਿੰਦਗੀ ਜਿਉਣ ਲਈ ਕਿਸੇ ਨਾ ਕਿਸੇ ਤਰ੍ਹਾਂ ਦੇ ਪ੍ਰੋਗਰਾਮਾਂ ਚ ਭਾਗ ਲੈਣਾ ਚਾਹੀਦਾ ਹੈ ਅਤੇ ਤਣਾਅ ਰਹਿਤ ਜਿੰਦਗੀ ਜਿਉਣੀ ਚਾਹੀਦੀ ਹੈ। ਇਸ ਮੌਕੇ ਤੇ ਪ੍ਰੋਫੈਸਰ ਸੋਨੀਆ ਠਾਕੁਰ ਨੂੰ ਸਨਮਾਨਿਤ ਵੀ ਕੀਤਾ ਗਿਆ।

ਰੋਜ਼ਾਨਾ ਲੋਕ ਬਾਣੀ www.lokbani

# ਖੇਡਾਂ ਵਤਨ ਪੰਜਾਬ ਦੀਆਂ -2024 ਅਧੀਨ ਹੋਣ ਵਾਲੀਆਂ ਰਾਜ ਪੱਧਰੀ ਖੇਡਾਂ ਦੇ ਸਿਲੈਕਸ਼ਨ ਟਰਾਇਲ 01 ਅਕਤੂਬਰ ਤੋਂ: ਜ਼ਿਲ੍ਹਾ ਖੇਡ ਅਫ਼ਸਰ



ਮਾਲੇਰਕੋਟਲਾ :(ਕਿਮੀ ਅਰੋੜਾ,ਅਸਲਮ ਨਾਜ਼) ਖੇਡਾਂ ਵਤਨ ਪੰਜਾਬ ਦੀਆਂ -2024 ਅਧੀਨ ਹੋਣ ਵਾਲੀਆਂ ਰਾਜ ਪੱਧਰੀ ਖੇਡਾਂ ਦੇ ਸਿਲੈਕਸ਼ਨ ਟਰਾਇਲ 01 ਅਕਤੂਬਰ ਤੋਂ ਸ਼ੁਰੂ ਹੋ ਰਹੇ ਹਨ । ਇਹ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਖੇਡ ਅਫਸਰ ਗੁਰਦੀਪ ਸਿੰਘ ਨੇ ਵੱਧ ਤੋਂ ਵੱਧ ਖਿਡਾਰੀਆਂ ਨੂੰ ਸ਼ਡਿਊਲ ਅਨੁਸਾਰ ਟਰਾਇਲ ਵਾਲੇ ਸਥਾਨਾਂ ਤੇ ਟਰਾਇਲ ਦੇਣ ਲਈ ਪੁੱਜਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਖਿਡਾਰੀ ਟਰਾਇਲ ਵੈਨਿਊ ਉੱਤੇ ਸਵੇਰੇ 11.00 ਵਜੇ ਪਹੁੰਚਣ ਅਤੇ ਜ਼ਰੂਰੀ ਦਸਤਾਵੇਜ਼ ਜਿਵੇਂ ਆਧਾਰ ਕਾਰਡ ਦੀ ਕਾਪੀ, ਜਨਮ ਸਰਟੀਫਿਕੇਟ ਦੀ ਕਾਪੀ ਅਤੇ ਬੈਂਕ ਖਾਤੇ ਦੀ ਕਾਪੀ ਨਾਲ ਲੈ ਕੇ ਆਉਣੀ ਯਕੀਨੀ ਬਣਾਈ ਜਾਵੇ।

ਉਨ੍ਹਾਂ ਦੱਸਿਆ ਕਿ ਸਿਲੈਕਸ਼ਨ ਟਰਾਇਲ ਜਿਮਨਾਸਿਕ ਦਾ ਸਥਾਨਕ ਖੇਡ ਸਟੇਡੀਅਮ ਡਾ ਜਾਕਿਰ ਹੁਸੈਣ ਵਿਖ,ਸਾਫਟਬਾਲ ਤੇ ਬੇਸਬਾਲ ਖੇਡ ਦਾ ਟਰਾਇਲ ਨਿਊ ਮਾਲਡ ਸਕੂਲ ਚੌਂਦਾ, ਸੂਟਿੰਗ ਦਾ ਟਰਾਇਲ ਸਥਾਨਕ ਗੋਲਡਨ ਇਰਾ ਪਬਲਿਕ ਸਕੂਲ , ਆਰਚਰੀ ਅਤੇ ਲਾਅਨ ਟੈਨਿਸ ਦਾ ਪਾਇਨੀਅਰ ਪਬਲਿਕ ਸਕੂਲ ਗੱਜਣਮਾਜਰਾ,ਹਾਕੀ ਦਾ ਸਰਕਾਰੀ ਸਟੇਡੀਅਮ ਅਮਰਗੜ੍ਹ ਵਿਖੇ ਅਤੇ ਰੋਲਰ ਸਕੈਨਿੰਗ ਦਾ ਸਿਲੈਕਸ਼ਨ ਟਰਾਇਲ ਸਥਾਨਕ ਮਾਡਰਨ ਸੈਕੂਲਰ ਪਬਲਿਕ ਸਕੂਲ ਵਿਖੇ ਹੋਣਗੇ । ਟਰਾਇਲਾਂ ਸਬੰਧੀ ਵਧੇਰੇ ਜਾਣਕਾਰੀ ਲਈ ਦਫ਼ਤਰ ਜ਼ਿਲ੍ਹਾ ਖੇਡ ਅਫ਼ਸਰ ਮਾਲੇਰਕੋਟਲਾ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ

ਰੋਜ਼ਾਨਾ ਲੋਕ ਬਾਣੀ www.lokbani

# 25000 ਰੁਪਏ ਰਿਸ਼ਵਤ ਲੈਂਦਾ ਪੀ.ਐਸ.ਪੀ.ਸੀ.ਐਲ.ਦਾ ਜੇ.ਈ ਕਾਬੂ

ਅੰਮ੍ਰਿਤਸਰ (ਲੋਕ ਬਾਣੀ) ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਸਬ ਡਵੀਜ਼ਨ, ਅੰਮ੍ਰਿਤਸਰ ਦੱਖਣੀ ਵਿਖੇ ਤਾਇਨਾਤ ਜੂਨੀਅਰ ਇੰਜੀਨੀਅਰ (ਜੇ.ਈ.) ਰਣਜੀਤ ਸਿੰਘ ਨੂੰ 25000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਨਵਦੀਪ ਸਿੰਘ ਵਾਸੀ ਅਮਰ ਐਵੀਨਿਊ, ਅਜਨਾਲਾ ਰੋਡ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਨੇ ਸ਼ਿਕਾਇਤਕਰਤਾ ਉੱਤੇ ਲਗਾਏ ਗਏ 6,00,000 ਰੁਪਏ ਦੇ ਜੁਰਮਾਨੇ ਦੀ ਕਟੌਤੀ ਕਰਨ ਬਦਲੇ 1,00,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਪਹਿਲਾਂ ਵੀ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 50,000 ਰੁਪਏ ਲੈ ਚੁੱਕਾ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 25,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ



ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਸਪੈਸ਼ਲ ਗੈਸ ਕੁਨੈਕਸ਼ਨ ਲਈ ਸਿਲੰਡਰ ਭਰਾਈ ਚੈੱਕ ਜਾਂ ਬੈਂਕ ਰਾਹੀਂ ਜਰੂਰੀ - ਢਿੱਲੋਂ

ਸ੍ਰੀ ਅਨੰਦਪੁਰ ਸਾਹਿਬ 2(ਦਵਿੰਦਰਪਾਲ ਸਿੰਘ): ਭਾਰਤ ਸਰਕਾਰ ਦੇ ਗੈਸ ਮੰਤਰਾਲੇ ਦੇ ਆਦੇਸ਼ ਅਨੁਸਾਰ ਗੈਸ ਕੰਪਨੀ ਨੇ ਵਿਸ਼ੇਸ਼ ਜਮਾਤ (ਸਪੈਸ਼ਲ ਕੈਟਾਗਰੀ) ਦੇ ਸਿਲੰਡਰ ਭਰਾਉਣ ਲਈ ਪੈਸੇ ਸਿਰਫ ਬੈਂਕ ਜਰੀਏ ਭਾਵ ਨਗਦ ਭੁਗਤਾਨ ਨਹੀਂ ਲਏ ਜਾਣਗੇ। ਇਹ ਕੈਟਾਗਰੀ ਵਿੱਚ ਸਕੂਲ, ਗੁਰਦੁਆਰਾ ਸਾਹਿਬਾਨ ਅਤੇ ਮੰਦਰ ਸ਼ਾਮਿਲ ਹੁੰਦੇ ਹਨ। ਇਸ ਜਾਣਕਾਰੀ ਗੈਸ ਏਜੰਸੀ ਅਨੰਦਪੁਰ ਸਾਹਿਬ ਦੇ ਮਾਲਕ ਐਡਵੋਕੇਟ ਜਸਵਿੰਦਰ ਸਿੰਘ ਢਿੱਲੋ ਵੱਲੋਂ ਦਿੱਤੀ ਗਈ। ਉਨਾਂ ਕਿਹਾ ਕਿ ਸਿਲੰਡਰ ਭਰਾਈ ਦੀ ਕੀਮਤ 820 ਰੁਪਏ ਹੈ ਜੋ ਕਿ ਘਰ ਤੇ ਪਹੁੰਚਣ ਦੀ ਹੈ ਇਹ ਸ੍ਰੀ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਾ ਸਾਰੇ ਪੇਂਡੂ ਖੇਤਰ ਵਿੱਚ ਲਾਗੂ ਹੈ।ਇਸ ਮੌਕੇ ਉਨਾਂ ਖਪਤਕਾਰਾਂ ਨੂੰ ਸਹਿਯੋਗ ਅਤੇ ਕੇ.ਵਾਈ.ਸੀ ਦੀ ਅ ਪ ੀ ਲ ਵੀ ਕੀਤੀ।

ਰੋਜ਼ਾਨਾ ਲੋਕ ਬਾਣੀ www.lokbani



# ਮੇਜਰ ਅਮਿਤ ਸਰੀਨ ਨੇ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਦਾ ਅਹੁਦਾ ਸੰਭਾਲਿਆ



ਅੰਮ੍ਰਿਤਸਰ (ਲੋਕ ਬਾਣੀ))- ਮੇਜਰ ਅਮਿਤ ਸਰੀਨ , ਪੀ.ਸੀ.ਐਸ. ਵੱਲੋਂ ਬਤੌਰ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਅੰਮ੍ਰਿਤਸਰ ਵਿਖੇ ਚਾਰਜ ਸੰਭਾਲ ਲਿਆ ਗਿਆ ਹੈ। ਉਹਨਾਂ ਦਾ ਸਵਾਗਤ ਕਰਨ ਲਈ ਸ਼ਹਿਰੀ ਦੇ ਪਤਵੰਤੇ ਵਿਅਕਤੀਆਂ ਵੱਲੋਂ ਜੀ ਆਇਆ ਆਖਿਆ ਗਿਆ ਅਤੇ ਨਿੱਘਾ ਸਵਾਗਤ ਕੀਤਾ ਗਿਆ। ਮੇਜਰ ਅਮਿਤ ਸਰੀਨ ਆਪਣੀ ਵਧੀਆ ਕਾਰਗੁਜਾਰੀ ਲਈ ਅਤੇ ਮਿੱਠੇ ਸੁਭਾਅ ਲਈ ਜਾਣੇ ਜਾਂਦੇ ਹਨ। ਮੇਜਰ ਅਮਿਤ ਸਰੀਨ ਫੌਜ ਵਿੱਚ ਬਤੌਰ ਮੇਜਰ ਡਿਊਟੀ ਤੇ ਤੈਨਾਤ ਰਹੇ ਹਨ। ਪ੍ਰੋਫੈਸਰ ਦੀ ਨੌਕਰੀ ਕਰਨ ਤੋਂ ਬਾਅਦ ਉਹਨਾਂ ਨੇ ਪੀਸੀਐਸ ਤੇ ਪੇਪਰ ਦੌਰਾਨ ਚੌਥਾ ਸਥਾਨ ਪ੍ਰਾਪਤ ਕੀਤਾ। ਪਿਛਲੇ ਕਰੀਬ ਸੱਤ ਸਾਲਾ ਦੌਰਾਨ ਵੱਖ-ਵੱਖ ਅਹੁਦਿਆਂ ਤੇ ਉਹ ਹੁਸ਼ਿਆਰਪੁਰ,ਜਲੰਧਰ,ਲੁਧਿਆਣਾ ਆਦਿ ਵਿੱਚ ਵੀ ਆਪਣੀਆਂ ਬਿਹਤਰ ਸੇਵਾਵਾਂ ਦੇ ਚੁੱਕੇ ਹਨ। ਸਮਾਜ ਸੇਵੀ ਅੰਨਾ ਹਜ਼ਾਰੇ ਦੀ ਮੁਹਿੰਮ ਦੇ ਦੌਰਾਨ ਮੇਜਰ ਅਮਿਤ ਸਰੀਨ ਵੱਲੋਂ ਕੰਪਨੀ ਬਾਗ ਮਹਾਤਮਾ ਗਾਂਧੀ ਬੁੱਤ ਦੇ ਕਰੀਬ ਭ੍ਰਿਸ਼ਟਾਚਾਰ ਦੇ ਖਿਲਾਫ ਭੁੱਖ ਹੜਤਾਲ ਵੀ ਰੱਖੀ ਸੀ। ਜਿੱਥੇ ਉਹਨਾਂ ਦੀ ਤਬੀਅਤ ਖਰਾਬ ਹੋਣ ਦੇ ਬਾਅਦ ਡਾਕਟਰਾਂ ਵੱਲੋਂ ਉਹਨਾਂ ਦੀ ਭੁੱਖ ਹੜਤਾਲ ਤੁੜੀ ਗਈ। ਮੇਜਰ ਸਰੀਨ ਐਨ.ਜੀ.ਓ ਦੇ ਜਰੀਏ ਇੱਕ ਸਕੂਲ ਅਤੇ ਮੰਦਰ ਦਾ ਨਿਰਮਾਣ ਕਰਕੇ ਬੱਚਿਆਂ ਨੂੰ ਫ੍ਰੀ ਕੋਚਿੰਗ ਸੇਵਾਵਾਂ ਵੀ ਦਿੰਦੇ ਰਹੇ ਹਨ। ਇਸ ਤੋਂ ਇਲਾਵਾ ਹੋਰਨਾ ਸਮਾਜ ਸੇਵੀ ਕੰਮਾਂ ਦੇ ਵਿੱਚ ਉਹਨਾਂ ਨੇ ਹਮੇਸ਼ਾ ਵੱਧ ਚੜ ਕੇ ਆਪਣਾ ਯੋਗਦਾਨ ਅਦਾ ਕੀਤਾ ਹੈ।

ਮੇਜਰ ਅਮਿਤ ਸਰੀਨ ਨੇ ਕਿਹਾ ਕਿ ਮੈਨੂੰ ਗੁਰੂ ਨਗਰੀ ਅੰਮ੍ਰਿਤਸਰ ਆ ਕੇ ਬਹੁਤ ਵਧੀਆ ਮਹਿਸੂਸ ਹੋਇਆ ਹੈ। ਮੈਂ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਮੈਨੂੰ ਇੱਥੇ ਸੇਵਾ ਦਾ ਮੌਕਾ ਦਿੱਤਾ ਹੈ।

ਵਧੀਕ ਡਿਪਟੀ ਕਮਿਸ਼ਨਰ ਦਾ ਸਵਾਗਤ ਕਰਦਿਆਂ ਜੈ ਹੋ ਕਲੱਬ ਦੇ ਪ੍ਰਧਾਨ ਵਿੱਕੀ ਦੱਤਾ ਅਤੇ ਇਲੈਕਟਰੋਨਿਕ ਐਸੋਸੀਏਸ਼ਨ ਅੰਮ੍ਰਿਤਸਰ ਦੇ ਪ੍ਰਧਾਨ ਬਲਬੀਰ ਭਸੀਨ ਨੇ ਕਿਹਾ ਕਿ ਮੇਜਰ ਅਮਿਤ ਸਰੀਨ ਸਮਾਜਿਕ ਸੇਵਾਵਾਂ, ਇਮਾਨਦਾਰੀ ਦੀ ਮਿਸਾਲ ਅਤੇ ਹੱਸਮੁਖ ਇਸਾਨ ਹਨ। ਇਸ ਮੌਕੇ ਤੇ ਵਿਕਾਸ ਨਰੂਲਾ,ਵਰੁਣ ਸਰੀਨ,ਦੀਪਕ ਸ਼ਰਮਾ, ਸ਼ਿਵ ਕੁਮਾਰ,ਧੀਰਜ ਗਿੱਲ,ਰਿਤੇਸ਼ ਅਰੋੜਾ,ਵਿਕਾਸ ਨਾਰੰਗ ਸਮੇਤ ਹੋਰ ਸ਼ਹਿਰ ਵਾਸੀਆਂ ਵੱਲੋਂ ਜੀ ਆਇਆਂ ਨੂੰ ਕਿਹਾ ਗਿਆ।

ਰੋਜ਼ਾਨਾ ਲੋਕ ਬਾਣੀ www.lokbani

# ਮਾਨ ਸਰਕਾਰ ਨੇ ਰਿਜਰਵ ਸੀਟਾਂ ਨੂੰ ਜਰਨਲ ਕਰਕੇ ਦਲਿਤ ਸਮਾਜ ਦੇ ਲੋਕਾਂ ਦਾ ਹੱਕ ਮਾਰਿਆ: ਗੁਰਮੇਲ ਸਿੰਘ ਮੌੜ

## ਆਪ ਦੇ ਚੇਤਿਆਂ ਨੂੰ ਖੁਸ਼ ਕਰਨ ਲਈ ਕੀਤਾ ਗਿਆ ਫੇਰ ਬਦਲ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਸੂਬੇ ਅੰਦਰ ਪੰਚਾਇਤੀ ਚੋਣਾਂ ਦੇ ਐਲਾਨ ਤੋਂ ਬਾਅਦ ਸਰਕਾਰ ਵੱਲੋਂ ਜਾਰੀ ਕੀਤੀਆਂ ਸੂਚੀਆਂ ਵਿੱਚ ਰਿਜਰਵ ਸੀਟਾਂ ਨੂੰ ਜਰਨਲ ਵਿੱਚ ਤਬਦੀਲ ਕਰਕੇ ਮਾਨ ਸਰਕਾਰ ਨੇ ਦਲਿਤ ਲੋਕਾਂ ਦਾ ਹੱਕ ਹੀ ਨਹੀਂ ਮਾਰਿਆ ਸਗੋਂ ਲੋਕਤੰਤਰਤਾ ਦਾ ਘਾਣ ਵੀ ਕੀਤਾ ਹੈ।

ਇਹ ਵਿਚਾਰ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਪੀਪੀਸੀਸੀ ਦੇ ਮੈਂਬਰ ਸਰਦਾਰ ਗੁਰਮੇਲ ਸਿੰਘ ਮੌੜ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਹਨਾਂ ਕਿਹਾ ਹੈ ਕਿ ਸੂਬੇ ਅੰਦਰ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਸ਼ੁਰੂ ਤੋਂ ਹੀ ਦਲਿਤ ਸਮਾਜ ਦੇ ਲੋਕਾਂ ਨਾਲ ਧੋਖਾ ਕਰਦੀ ਆ ਰਹੀ ਹੈ। ਹੁਣ ਰਹਿੰਦੀ ਕਾਸਰ ਸਰਕਾਰ ਨੇ ਪੰਚਾਇਤੀ ਚੋਣਾਂ ਦੀਆਂ ਸੂਚੀਆਂ ਵਿੱਚ ਰਿਜ਼ਰਵ ਸੀਟਾਂ ਦੀ ਥਾਂ ਜਰਨਲ ਸੀਟਾਂ ਕਰਕੇ ਕੱਢ ਕੱਢ ਦਿੱਤੀ ਹੈ। ਮੌੜ ਨੇ ਅੱਗੇ ਕਿਹਾ ਹੈ ਕਿ ਸਤਾਧਾਰੀ ਧਿਰ ਇੱਕ ਪਾਸੇ ਤਾਂ ਇਮਾਨਦਾਰੀ ਦੀਆਂ ਮਿਸਾਲਾਂ ਦੇ ਰਹੀ ਹੈ ਜਦ ਕਿ ਦੂਜੇ ਪਾਸੇ 15 ਸਾਲਾਂ ਤੋਂ ਜਰਨਲ ਆ ਰਹੀਆਂ ਸੀਟਾਂ ਨੂੰ ਇੱਕ ਵਾਰ ਵੀ ਰਿਜ਼ਰਵ ਨਹੀਂ ਕੀਤਾ। ਜਿਸ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪਹਿਲਾ ਸਰਕਾਰ ਨੇ ਵੱਡੇ ਬਦਲਾਅ ਦੇ ਨਾਂ ਹੇਠ ਸੂਬੇ ਦੇ ਲੋਕਾਂ ਨੂੰ ਸਸਤੀ ਬਿਜਲੀ ਅਤੇ ਹੋਰ ਸਹੂਲਤਾਂ ਦੇ ਨਾਂ ਹੇਠਾਂ ਗੁੰਮਰਾਹ ਕੀਤਾ। ਹੁਣ ਲੋਕਾਂ ਨੂੰ ਮਿਲੇ ਸੰਵਿਧਾਨਿਕ ਤੌਰ ਤੇ ਹੱਕ ਨੂੰ ਵੀ ਖੋਹਿਆ ਜਾ ਰਿਹਾ ਹੈ। ਸਰਕਾਰ ਨੇ ਆਪਣੇ ਚਹੇਤਿਆਂ ਨੂੰ ਖੁਸ਼ ਕਰਨ ਲਈ ਸੀਟਾਂ ਦਾ ਫੇਰ ਬਦਲ ਕੀਤਾ ਹੈ। ਉਹਨਾਂ ਕਿਹਾ ਹੈ ਕਿ ਇਸ ਧੱਕੇਸ਼ਾਹੀ ਦੇ ਖਿਲਾਫ ਉਹ ਹਲਕਾ ਮਹਿਲ ਕਲਾਂ ਦੇ ਉਨ੍ਹਾਂ ਜੁਝਾਰੂ ਲੋਕਾਂ ਨਾਲ ਮਿਲ ਕੇ ਹਾਈਕੋਰਟ ਦਾ ਦਰਵਾਜ਼ਾ ਖੜਕਾਉਣ ਲਈ ਤਿਆਰ ਹਨ। ਮੌੜ ਨੇ ਅੰਤ ਵਿੱਚ ਕਿਹਾ ਕਿ ਹਲਕੇ ਦੇ ਜੁਝਾਰੂ ਵੋਟਰ ਸਰਕਾਰ ਦੀ ਲਗਾਤਾਰ ਧੱਕੇਸ਼ਾਹੀ ਦਾ ਮੋੜਵਾਂ ਜਵਾਬ ਲੋਕ ਸਭਾ ਚੋਣਾਂ ਵਾਂਗ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਰੂਰ ਦੇਣਗੇ।

ਰੋਜ਼ਾਨਾ ਲੋਕ ਬਾਣੀ www.lokbani

# ਐਸਸੀਡੀ ਸਰਕਾਰੀ ਕਾਲਜ ਲੁਧਿਆਣਾ ਵਿਖੇ ਪੰਜਾਬੀ ਵਿਭਾਗ ਦੇ ਸਵਾਗਤੀ ਪ੍ਰੋਗਰਾਮ ਦਾ ਆਯੋਜਨ




ਲੁਧਿਆਣਾ ( ਸੁਖਚੈਨ ਮਹਿਰਾ)ਸਥਾਨਕ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਗੀਤਾਂਜਲੀ ਪਬਰੇਜਾ ਦੀ ਯੋਗ ਅਗਵਾਈ ਹੇਠ ਐਮਏ ਭਾਗ ਪਹਿਲਾ ਦੇ ਵਿਦਿਆਰਥੀਆਂ ਦੇ ਸੁਆਗਤ ਲਈ ਇੱਕ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ ।ਜਿਸ ਵਿੱਚ ਕਾਲਜ ਪ੍ਰਿੰਸੀਪਲ ਪ੍ਰੋਫੈਸਰ ਸੁਮਨ ਲਤਾ ਜੀ ਦਾ ਸਵਾਗਤ ਵਿਭਾਗ ਦੇ ਮੁਖੀ ਨੇ ਬਹੁਤ ਹੀ ਨਿੱਘੇ ਸ਼ਬਦਾਂ ਵਿੱਚ ਕੀਤਾ ਅਤੇ ਪ੍ਰਿੰਸੀਪਲ ਮੈਡਮ ਨੇ ਆਏ ਨਵੀਂ ਵਿਦਿਆਰਥੀਆਂ ਨੂੰ ਤਹਿ ਦਿਲੋਂ ਉਹਨਾਂ ਦਾ ਸਵਾਗਤ ਕਰਦਿਆਂ ਉਹਨਾਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਇਸ ਆਯੋਜਨ ਦੇ ਦੌਰਾਨ ਵਿਦਿਆਰਥੀਆਂ ਨੇ ਗਿੱਧਾ ਭੰਗੜਾ ਲੁੱਡੀ ਅਤੇ ਪੰਜਾਬ ਦੇ ਕਈ ਹੋਰ ਲੋਕ ਨਾਚ ਪ੍ਰਸਤੁਤ ਕੀਤੇ। ਕਈ ਵਿਦਿਆਰਥੀਆਂ ਨੇ ਆਪਣੀ ਕਾਵਿ ਕਲਾ ਨੂੰ ਪੇਸ਼ ਕਰਦਿਆਂ ਕਵਿਤਾ ਅਤੇ ਗੀਤ ਵੀ ਪ੍ਰਸਤੁਤ ਕੀਤੇ। ਇਸ ਦੇ ਇਲਾਵਾ ਮਾਡਲਿੰਗ ਕਰਵਾਈ ਗਈ ਜਿਸ ਵਿੱਚ ਮਿਸਟਰ ਪੰਜਾਬ ਸਿਮਰਤ ਸਿੰਘ ਮਿਸ ਪੰਜਾਬਣ ਅਨਾਮਿਕਾ ਅਤੇ ਹੋਰ ਕਈ ਵਿਦਿਆਰਥੀਆਂ ਨੂੰ ਵੱਖ ਵੱਖ ਪੇਸ਼ਕਾਰੀਆਂ ਲਈ ਨਿਵਾਜਿਆ ਗਿਆ। ਇਸ ਵਿੱਚ ਵਿਭਾਗ ਦੇ ਪ੍ਰੋਫੈਸਰ ਬਲਜੀਤ ਕੌਰ ਪ੍ਰੋਫੈਸਰ ਅਮਨਦੀਪ ਸਿੰਘ ਪ੍ਰੋਫੈਸਰ ਹਰਜਿੰਦਰ ਕੌਰ ਅਤੇ ਪ੍ਰੋਫੈਸਰ ਮਿਤਾਲੀ ਤਲਵਾਰ ਨੇ ਵੱਧ ਚੜ ਕੇ ਹਿੱਸਾ ਲਿਆ ਅਤੇ ਇਸ ਆਯੋਜਨ ਨੂੰ ਸਫਲਤਾ ਪੂਰਵਕ ਨੇਪਰੇ ਚਾੜਿਆ। ਇਸ ਸਮਾਗਮ ਵਿੱਚ ਸ਼ਾਮ ਦੇ ਕਾਲਜ ਦੇ ਇੰਚਾਰਜ ਸ੍ਰੀ ਪਰਮਜੀਤ ਜੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਰੋਜ਼ਾਨਾ ਲੋਕ ਬਾਣੀ www.lokbani

# ਪੰਜਾਬ ਵੈਲਫੇਅਰ ਸੋਸਾਇਟੀ ਵੱਲੋਂ ਮਾਰਕਿਟ ਕਮੇਟੀ ਅਤੇ ਪੰਜਾਬ ਨੈਸ਼ਨਲ ਬੈਂਕ ਦੇ ਸਹਿਯੋਗ ਨਾਲ ਨਵੀਂ ਅਨਾਜ਼ ਮੰਡੀ ਵਿਖੇ ਲਗਾਏ ਬੂਟੇ

(ਲੋਕ ਬਾਣੀ) ਨਵੀਂ ਅਨਾਜ ਮੰਡੀ ਅਬੋਹਰ ਵਿਖੇ ਪੰਜਾਬ ਵੈਲਫੇਅਰ ਸੋਸਾਇਟੀ ਵੱਲੋਂ ਮਾਰਕਿਟ ਕਮੇਟੀ ਅਤੇ ਪੰਜਾਬ ਨੈਸ਼ਨਲ ਬੈਂਕ ਦੇ ਸਹਿਯੋਗ ਨਾਲ ਬੂਟੇ ਲਗਾਏ ਗਏ।

ਇਸ ਮੌਕੇ ਮਾਰਕਿਟ ਕਮੇਟੀ ਦੇ ਸੈਕਟਰੀ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਦੀਆ ਹਦਾਇਤਾਂ ਅਨੁਸਾਰ ਪੰਜਾਬ ਵਿੱਚ ਜਿਨਿਆ ਵੀ ਮੰਡੀਆਂ ਅਤੇ ਫੋਕਲ ਪੁਆਇੰਟ ਹਨ ਉਨ੍ਹਾਂ ਵਿੱਚ ਵਧ ਤੋ ਵਧ ਬੂਟੇ ਲਗਾਏ ਜਾ ਰਹੇ ਹਨ। ਜਿਸ ਤਹਿਤ ਅੱਜ ਉਨ੍ਹਾਂ ਦੀ ਪੂਰੀ ਟੀਮ ਵਲੋਂ ਸੋਸਾਇਟੀ ਦੀ ਮਦਦ ਨਾਲ ਅਬੋਹਰ ਦੀ ਦਾਣਾ ਮੰਡੀ ਵਿਖੇ ਬੂਟੇ ਲਗਾਏ ਗਏ ਹਨ, ਅਤੇ ਉਨ੍ਹਾਂ ਦੀ ਸਾਂਭ ਸਭਾਲ ਲਈ ਟ੍ਰੀ ਗਾਰਡ ਵੀ ਲਗਾਏ ਜਾ ਰਹੇ ਹਨ। ਉਨ੍ਹਾ ਕਿਹਾ ਕਿ ਬੂਟਿਆਂ ਨੂੰ ਪਾਣੀ ਦੇਣ ਲਈ ਮੁਲਾਜ਼ਮਾਂ ਦੀਆਂ ਡਿਊਟੀਆ ਲਗਾਈਆ ਜਾਣਗੀਆਂ। ਇਸ ਮੌਕੇ ਸੰਸਥਾਂ ਮੈਂਬਰ ਸੁਭਾਸ਼ ਵੀਜ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਦਾਣਾ ਮੰਡੀ ਵਿੱਖੇ ਬੂਟੇ ਲਾਗਾ ਕੇ ਇਸ ਤਰ੍ਹਾਂ ਦਾ ਮਾਹੌਲ ਬਣਾ ਦਿੱਤਾ ਜਾਵੇਗਾ ਕਿ ਲੋਕ ਪਾਰਕਾ ਵਿੱਚ ਸੈਰ ਕਰਨ ਜਾਂਦੇ ਹਨ ਉਹ ਦਾਣਾ ਮੰਡੀ ਵਿਖੇ ਘੁੰਮਣ ਲਈ ਆਇਆ ਕਰਨਗੇ। ਉਨ੍ਹਾਂ ਕਿਹਾ ਕਿ ਮਾਰਕਿਟ ਕਮੇਟੀ ਦੇ ਸੈਕਟਰੀ ਬਹੁਤ ਹੀ ਵਧੀਆ ਕੰਮ ਕਰ ਰਹੇ ਹਨ, ਜਿਨ੍ਹਾਂ ਦੇ ਸਹਿਯੋਗ ਸਦਕਾ ਹੀ ਕਮੇਟੀ ਦੀ ਸਫਾਈ ਅਤੇ ਬੂਟੇ ਲਗਾਏ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਜਨਮ ਦਿਨ ਅਤੇ ਵਿਆਹ ਦੀ ਵਰ੍ਹੇਗੰਢ ਮੌਕੇ ਵਧ ਤੋਂ ਵਧ ਬੂਟੇ ਲਗਾਉਣ। ਇਸ ਦੌਰਾਨ ਸੰਸਥਾ ਦੇ ਪ੍ਰਧਾਨ ਕੁਲਜੀਤ ਸਿੰਘ ਅਹੂਜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਸਥਾ ਵੱਲੋਂ ਬੂਟੇ ਲਗਾਉਣ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੇ ਲੋਕ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ ਅਤੇ ਇਹ ਮੁਹਿਮ ਪਿਛਲੇ ਕਾਫੀ ਦਿਨਾਂ ਤੋਂ ਚੱਲ ਰਹੀ ਹੈ ਅਤੇ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹੇਗੀ। ਸੰਸਥਾ ਵੱਲੋਂ ਲੋੜਵੰਦ ਲੜਕੀਆਂ ਦੇ ਵਿਆਹ ਵਿੱਚ ਵੀ ਸਹਿਯੋਗ ਕੀਤਾ ਜਾਂਦਾ ਹੈ। ਮਾਡਰਨ ਹਾਂਡਾ ਤੋਂ ਗੰਗਾਧਰ ਬਾਂਸਲ ਨੇ ਦੱਸਿਆ ਕਿ ਸੰਸਥਾ ਵੱਲੋਂ ਮਾਰਕਿਟ ਕਮੇਟੀ ਦੇ ਸਹਿਯੋਗ ਨਾਲ ਮੰਡੀ ਵਿਖੇ ਬੂਟੇ ਲਗਾਈ ਜਾ ਰਹੇ ਹਨ ਅਤੇ ਪੀਐਨਬੀ ਬੈਂਕ ਦੇ ਸਹਿਯੋਗ ਨਾਲ ਟ੍ਰੀ ਗਾਰਡ ਵੀ ਲਗਾਏ ਜਾ ਰਹੇ ਹਨ। ਇਸ ਮੌਕੇ ਮਾਰਕਿਟ ਕਮੇਟੀ ਦੇ ਸੈਕਟਰੀ ਬਲਜਿੰਦਰ ਸਿੰਘ, ਬੈਂਕ ਮਨੇਜਰ ਦੀਪਕ ਕਾਮਰਾ, ਸੰਸਥਾਂ ਪ੍ਰਧਾਨ ਕੁਲਜੀਤ ਸਿੰਘ ਅਹੂਜਾ, ਸੁਭਾਸ਼ ਵੀਜ, ਐਮ ਐਲ ਮਨਚੰਦਾ, ਵਜਿੰਦਰ ਪਾਲ ਬਿਸ਼ਨੋਈ, ਰਾਜੇਸ਼ ਕੁਮਾਰ ਅਨੇਜਾ, ਮਾਡਰਨ ਹਾਂਡਾ ਤੋਂ ਗੰਗਾਧਰ ਬਾਂਸਲ, ਰੋਮਾ ਸਿੰਘ, ਆਸ਼ੂ, ਨਰੇਸ਼ ਕੁਮਾਰ, ਪ੍ਰਿਸ, ਜਸਵਿੰਦਰ ਸਿੰਘ, ਕਮਲਜੀਤ ਸਿੰਘ, ਵਿਨੋਦ ਮਾਡਰਨ ਹਾਂਡਾ, ਸੰਜੇ ਕੁਮਾਰ ਮੰਡੀ ਸੁਪਰਵਾਈਜਰ, ਰੋਬਟ ਘਲੂ, ਬੈਂਕ ਤੋਂ ਕਵਿਤਾ ਰਾਣੀ, ਰਿਪੂ ਰਾਣੀ ਆਦਿ ਹਾਜ਼ਰ ਸਨ।



ਰੋਜ਼ਾਨਾ ਲੋਕ ਬਾਣੀ www.lokbani

# ਨਸ਼ਾ ਵਿਰੋਧੀ ਮੁਹਿੰਮ ਤਹਿਤ ਨੁੱਕੜ ਨਾਟਕ ਦਾ ਪ੍ਰਦਰਸ਼ਨ




ਲੁਧਿਆਣਾ ( ਸੁਖਚੈਨ ਮਹਿਰਾ)ਐਸਸੀਡੀ ਸਰਕਾਰੀ ਕਾਲਜ, ਲੁਧਿਆਣਾ ਦੀ ਐਨਸੀਆਰਡੀ/ਬਡੀ ਗਰੁੱਪ ਯੂਨਿਟ ਨੇ ਅੱਜ ਓਪਨ ਏਅਰ ਥੀਏਟਰ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਇੱਕ ਨੁੱਕੜ ਨਾਟਕ ਦਾ ਆਯੋਜਨ ਕੀਤਾ। ਕਾਲਜ ਦੇ ਸੀਨੀਅਰ ਫੈਕਲਟੀ ਮੈਂਬਰ ਪ੍ਰੋ: ਪੂਨਮ ਮਹਾਜਨ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਇਸ ਸਮਾਗਮ ਦੇ ਆਯੋਜਨ ਲਈ ਐਨਸੀਆਰਡੀ ਟੀਮ ਦੇ ਪ੍ਰੋ: ਅਨਾਮਿਕਾ, ਪ੍ਰੋ: ਨਿਤਿਨ, ਪ੍ਰੋ: ਮੋਨਿਕਾ, ਪ੍ਰੋ: ਸਾਰਿਕਾ ਅਤੇ ਪ੍ਰੋ: ਸੌਰਭ ਦੀ ਸ਼ਲਾਘਾ ਕੀਤੀ।

# ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਿੰਘ ਸ਼ਹੀਦਾਂ ਚੌਹੜਾ, ਕੋਟਪੱਲੀ ਵਿਖੇ ਕਰਵਾਇਆ ਗਿਆ ਗਿਆਰਵਾਂ ਵਿਸ਼ੇਸ਼ ਗੁਰਮਤਿ ਸਮਾਗਮ



ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ£ਮਨਪ੍ਰੀਤ ਵਾਸੂ)ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ 4, 5,6 ਨਵੰਬਰ ਹੋਣ ਵਾਲੇ ਸਲਾਨਾ ਮਹਾਨ ਗੁਰਮਤਿ ਸਮਾਗਮ ਜੋ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਨਵਾਂ ਸ਼ਹਿਰ ਵਿਖੇ ਕਰਵਾਏ ਜਾ ਰਹੇ ਹਨ। ਗੁਰੂ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਪਿਛਲੇ ਕਾਫੀ ਦਿਨਾਂ ਤੋਂ ਵੱਖ-ਵੱਖ ਪਿੰਡਾਂ ਸ਼ਹਿਰਾਂ ਦੇ ਵਿੱਚ ਗੁਰਮਤਿ ਸਮਾਗਮਾਂ ਦੀ ਲੜੀ ਦਾ ਆਯੋਜਨ ਕੀਤਾ ਗਿਆ ਹੈ। ਇਸੇ ਲੜੀ ਤਹਿਤ ਗਿਆਰਵਾਂ ਗੁਰਮਤਿ ਸਮਾਗਮ ਜਥੇਦਾਰ ਬਾਬਾ ਸਵਰਨਜੀਤ ਸਿੰਘ ਦੀ ਅਗਵਾਈ ਵਿਚ ਏਕ ਨੂਰ ਸਵੈ ਸੇਵੀ ਸੰਸਥਾ ਵਲੋਂ ਗੁਰਦੁਆਰਾ ਸਿੰਘ ਸ਼ਹੀਦਾਂ ਚੌਹੜਾ, ਕੋਟ, ਡਘਾਮ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵੀ ਸੰਗਤਾਂ ਦਾ ਇਕੱਠ ਦੇਖਣ ਯੋਗ ਬਣਦਾ ਸੀ। ਦੂਰੋਂ ਨੇੜੇ ਤੋਂ ਚੱਲ ਕੇ ਸੰਗਤਾਂ ਇਸ ਸਮਾਗਮ ਦੇ ਵਿੱਚ ਹਾਜਰੀ ਭਰ ਰਹੀਆਂ ਸਨ। ਇਨਾ ਹੀ ਨਹੀਂ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਵੱਲੋਂ ਵੱਖ-ਵੱਖ ਸਥਾਨਾਂ ਤੋਂ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਸੀ ਜਿਨਾਂ ਦੇ ਵਿੱਚ ਸੰਗਤਾਂ ਨੂੰ ਗੁਰਮਤਿ ਸਮਾਗਮਾਂ ਤੱਕ ਪਹੁੰਚਾਇਆ ਜਾ ਸਕੇ। ਇਹ ਸਮਾਗਮ ਦੇ ਵਿੱਚ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੇ ਨਾਲ ਜੋੜਨ ਲਈ ਵਿਸ਼ੇਸ਼ ਤੌਰ ਤੇ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਸ਼ਮਨਦੀਪ ਸਿੰਘ ਜੀ ਵੱਲੋਂ ਗੁਰਬਾਣੀ ਕੀਰਤਨ ਦਾ ਰਸ ਭਿੰਨਾ ਗਾਇਨ ਕਰਕੇ ਸੰਗਤਾਂ ਨੂੰ ਪਰਮਾਤਮਾ ਦੀ ਇਲਾਹੀ ਬਾਣੀ ਦੇ ਨਾਲ ਜੋੜਿਆ ਗਿਆ।

ਉਪਰੰਤ ਪੰਥ ਦੇ ਮਹਾਨ ਕਥਾਵਾਚਕ ਗਿਆਨੀ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ, ਗੁਰਬਾਣੀ ਅਤੇ ਵਡਮੁੱਲੇ ਸਿਧਾਂਤਾਂ ਤੋਂ ਜਾਣੂ ਕਰਵਾਇਆ। ਉਨਾਂ ਨੇ ਕਥਾ ਕਰਦਿਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਆਪਾਂ ਗੁਰੂ ਦੇ ਹੁਕਮ ਅਤੇ ਗੁਰੂ ਤੇ ਭਰੋਸਾ ਕਰੀਏ ਅਤੇ ਆਪਣੇ ਆਪ ਨੂੰ ਜਦੋਂ ਗੁਰੂ ਚਰਨਾਂ ਵਿੱਚ ਸਮਰਪਿਤ ਕਰਾਂਗੇ ਤੇ ਸਾਡੀ ਜ਼ਿੰਦਗੀ ਹੀ ਬਦਲ ਜਾਵੇਗੀ। ਇਨਾ ਹੀ ਨਹੀਂ ਜੇਕਰ ਸੱਚਮੁੱਚ ਤੁਸੀਂ ਗੁਰਬਾਣੀ ਗੁਰ ਸਿਧਾਂਤਾਂ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਵੋਗੇ ਤੇ ਤੁਹਾਡੇ ਸਾਰੇ ਰੁਕੇ ਹੋਏ ਕੰਮ ਗੁਰੂ ਪਾਤਸ਼ਾਹ ਆਪ ਸਵਾਰਣਗੇ। ਸੰਗਤਾਂ ਜਿੱਥੇ ਗੁਰਬਾਣੀ ਕੀਰਤਨ ਦਾ ਲਾਹਾ ਲੈ ਰਹੀਆਂ ਸਨ ਉੱਥੇ ਗੁਰਮਤਿ ਵਿਚਾਰਧਾਰਾ ਨੂੰ ਅਪਣਾ ਕੇ ਆਪਣੇ ਆਪ ਨੂੰ ਭਾਗਾਂ ਵਾਲਾ ਸਮਝ ਰਹੀਆਂ ਸਨ। ਸਮਾਗਮ ਦੀ ਸਮਾਪਤੀ ਤੇ ਸੰਗਤਾਂ ਦੇ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਗੁਰਦੁਆਰਾ ਸਾਹਿਬ ਵੱਲੋਂ ਜਥੇਦਾਰ ਸਵਰਨਜੀਤ ਸਿੰਘ ਨੇ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਨਾਂ ਸਮਾਗਮਾਂ ਵਿੱਚ ਜਿੱਥੇ ਵੱਧ ਚੜ ਕੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਨੇ ਹਿੱਸਾ ਲਿਆ ਉੱਥੇ ਉਚੇਚੇ ਤੌਰ ਤੇ ਬਾਬਾ ਚਰਨਜੀਤ ਸਿੰਘ ਜੱਸੋਵਾਲ ਅਤੇ ਡਾ: ਜੰਗ ਬਹਾਦਰ ਸਿੰਘ (ਦੋਨੋਂ ਮੈਂਬਰ ਐੱਸ ਜੀ ਪੀ ਸੀ ਮੈਂਬਰ ਸਾਹਿਬਾਨ), ਤਰਲੋਚਨ ਸਿੰਘ ਵਾਰੀਆ ਪ੍ਰਧਾਨ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ, ਡਾ: ਪਰਮਿੰਦਰ ਸਿੰਘ, ਤਰਲੋਕ ਸਿੰਘ ਪ੍ਰਧਾਨ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੜ ਸ਼ੰਕਰ, ਸਤਪਾਲ ਸਿੰਘ ਪ੍ਰਧਾਨ ਕਿਸਾਨ ਯੂਨੀਅਨ, ਚਰਨ ਸਿੰਘ ਗੋਲੀ, ਸਰਬਜੀਤ ਸਿੰਘ ਡਘਾਮ, ਸਰਬਜੀਤ ਸਿੰਘ ਸੁੱਜੋਂ, ਜੋਗਾ ਸਿੰਘ ਚੂਹੜਪੁਰ, ਬਲਵੀਰ ਸਿੰਘ ਬਸਿਆਲਾ, ਦਲਜੀਤ ਸਿੰਘ ਵਲੋਂ ਸਮਾਗਮ ਵਿਚ ਹਾਜਰੀ ਭਰੀ ਗਈ। ਸੁਸਾਇਟੀ ਵਲੋਂ ਦੀਦਾਰ ਸਿੰਘ ਗਹੂੰਣ, ਉੱਤਮ ਸਿੰਘ ਸੇਠੀ, ਹਰਦੀਪ ਸਿੰਘ ਗੜ ਪਧਾਣਾ, ਜਗਦੀਪ ਸਿੰਘ ਕੈਸ਼ੀਅਰ, ਜਗਜੀਤ ਸਿੰਘ ਸੈਣੀ, ਕਮਲਜੀਤ ਸਿੰਘ ਵਜੀਦਪੁਰ, ਸੁਖਵਿੰਦਰ ਸਿੰਘ ਗੋਬਿੰਦਪੁਰ, ਕਮਲਜੀਤ ਸਿੰਘ ਸੈਣੀ, ਜੋਗਿੰਦਰ ਸਿੰਘ ਮਹਾਲੋਂ, ਰਮਣੀਕ ਸਿੰਘ, ਗੁਰਦੇਵ ਸਿੰਘ ਗਹੂੰਣ, ਹਰਜਿੰਦਰ ਸਿੰਘ ਅਟਾਰੀ, ਕੁਲਜੀਤ ਸਿੰਘ ਖਾਲਸਾ, ਗਿਆਨ ਸਿੰਘ, ਗੁਰਦੇਵ ਸਿੰਘ ਸੋਢੀ ਮੂਸਾਪੁਰ, ਸੂਬੇਦਾਰ ਤਰਸੇਮ ਸਿੰਘ ਮੂਸਾਪੁਰ, ਜਸਕਰਨ ਸਿੰਘ ਹੰਸਰੋਂ, ਜੋਗਾ ਸਿੰਘ ਐਸ ਡੀ ਓ, ਇੰਦਰਜੀਤ ਸਿੰਘ ਬਾਹੜਾ, ਬਲਵੀਰ ਸਿੰਘ ਦੇਵਗਨ, ਨਵਦੀਪ ਸਿੰਘ, ਪਰਮਜੀਤ ਸਿੰਘ ਮੂਸਾਪੁਰ, ਦਲਜੀਤ ਸਿੰਘ ਬਡਵਾਲ, ਬਖਸ਼ੀਸ਼ ਸਿੰਘ, ਗੁਰਚਰਨ ਸਿੰਘ ਪਾਬਲਾ, ਮਨਜੀਤ ਸਿੰਘ ਮਹਿਤਪੁਰ ਅਤੇ ਕਮਲਜੀਤ ਸਿੰਘ ਬਜ਼ੀਦ ਪੁਰ ਵੀ ਮੌਜੂਦ ਸਨ।

# ਸਪੈਸ਼ਲ ਗੈਸ ਕੁਨੈਕਸ਼ਨ ਲਈ ਸਿਲੰਡਰ ਭਰਾਈ ਚੈੱਕ ਜਾਂ ਬੈਂਕ ਰਾਹੀਂ ਜਰੂਰੀ - ਢਿੱਲੋਂ




ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਭਾਰਤ ਸਰਕਾਰ ਦੇ ਗੈਸ ਮੰਤਰਾਲੇ ਦੇ ਆਦੇਸ਼ ਅਨੁਸਾਰ ਗੈਸ ਕੰਪਨੀ ਨੇ ਵਿਸ਼ੇਸ਼ ਜਮਾਤ (ਸਪੈਸ਼ਲ ਕੈਟਾਗਰੀ) ਦੇ ਸਿਲੰਡਰ ਭਰਾਉਣ ਲਈ ਪੈਸੇ ਸਿਰਫ ਬੈਂਕ ਜਰੀਏ ਭਾਵ ਨਗਦ ਭੁਗਤਾਨ ਨਹੀਂ ਲਏ ਜਾਣਗੇ। ਇਹ ਕੈਟਾਗਰੀ ਵਿੱਚ ਸਕੂਲ, ਗੁਰਦੁਆਰਾ ਸਾਹਿਬਾਨ ਅਤੇ ਮੰਦਰ ਸ਼ਾਮਿਲ ਹੁੰਦੇ ਹਨ। ਇਸ ਜਾਣਕਾਰੀ ਗੈਸ ਏਜੰਸੀ ਅਨੰਦਪੁਰ ਸਾਹਿਬ ਦੇ ਮਾਲਕ ਐਡਵੋਕੇਟ ਜਸਵਿੰਦਰ ਸਿੰਘ ਢਿੱਲੋ ਵੱਲੋਂ ਦਿੱਤੀ ਗਈ। ਉਨਾਂ ਕਿਹਾ ਕਿ ਸਿਲੰਡਰ ਭਰਾਈ ਦੀ ਕੀਮਤ 820 ਰੁਪਏ ਹੈ ਜੋ ਕਿ ਘਰ ਤੇ ਪਹੁੰਚਣ ਦੀ ਹੈ ਇਹ ਸ੍ਰੀ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਾ ਸਾਰੇ ਪੇਂਡੂ ਖੇਤਰ ਵਿੱਚ ਲਾਗੂ ਹੈ।ਇਸ ਮੌਕੇ ਉਨਾਂ ਖਪਤਕਾਰਾਂ ਨੂੰ ਸਹਿਯੋਗ ਅਤੇ ਕੇ.ਵਾਈ.ਸੀ ਦੀ ਅਪੀਲ ਵੀ ਕੀਤੀ।

# ਅੰਤਰਰਾਸ਼ਟਰੀ ਹਿੰਦੀ ਕਵਿਤਾ ਸੰਮੇਲਨ ਭਾਰਤ-ਇੰਡੋਨੇਸ਼ੀਆ ਅਟੁੱਟ ਦੋਸਤੀ ਦਾ ਆਯੋਜਨ




ਚੰਡੀਗੜ੍ਹ। (ਲੋਕ ਬਾਣੀ) ਹਿੰਦੀ ਦਿਵਸ ਦੇ ਮੌਕੇ ਤੇ ਐਲ.ਪੀ.ਜੀ.ਆਈ. ਸਾਹਿਤ ਐਸੋਸੀਏਸ਼ਨ, ਆਈਇਏਐਮ, ਪੀਟੀ ਟੋਬਾ ਪਲਪ ਲੇਸਟਾਰੀ ਨੇ ਮੇਡਨ ਇੰਡੋਨੇਸ਼ੀਆ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਦੇ ਸਹਿਯੋਗ ਨਾਲ ਮੇਡਨ, ਇੰਡੋਨੇਸ਼ੀਆ ਵਿੱਚ ਵਿਸ਼ਾਲ ਅੰਤਰਰਾਸ਼ਟਰੀ ਹਿੰਦੀ ਕਵਿਤਾ ਸੰਮੇਲਨ ਭਾਰਤ-ਇੰਡੋਨੇਸ਼ੀਆ ਅਟੁੱਟ ਮਿੱਤਰਤਾ ਐਲ.ਪੀ.ਜੀ.ਆਈ. ਸਾਹਿਤ ਐਸੋਸੀਏਸ਼ਨ 126ਵੇਂ ਜੀ.ਜੀ.ਐਮ. (ਗਲੋਬਲ ਗੈਦਰਿੰਗ ਮੀਟ) ਦਾ ਆਯੋਜਨ ਕੀਤਾ। ਇਸ ਅੰਤਰਰਾਸ਼ਟਰੀ ਕਵਿਤਾ ਸੰਮੇਲਨ ਵਿੱਚ ਇੰਡੋਨੇਸ਼ੀਆ, ਥਾਈਲੈਂਡ ਅਤੇ ਭਾਰਤ ਦੇ ਨਾਮਵਰ ਕਵੀਆਂ ਅਤੇ ਸਾਹਿਤਕਾਰਾਂ ਨੇ ਭਾਗ ਲਿਆ।ਐਲ.ਪੀ.ਜੀ.ਆਈ. ਸਾਹਿਤ ਸੰਘ ਦੇ ਸੰਸਥਾਪਕ ਅਤੇ ਗਲੋਬਲ ਚੇਅਰਮੈਨ ਅਸ਼ੀਸ਼ ਸ਼ਰਮਾ ਅਤੇ ਸੰਸਥਾਪਕ, ਗਲੋਬਲ ਪ੍ਰਧਾਨ ਯੋਗਿਤਾ ਸ਼ਰਮਾ ਅਤੇ ਗਲੋਬਲ ਚੇਅਰਮੈਨ ਸਲਾਹਕਾਰ ਪ੍ਰੋ. ਹਰਿੰਦਰ ਕੁਮਾਰ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ। ਰਵੀ ਸ਼ੰਕਰ ਗੋਇਲ, ਮੇਡਾਨ ਇੰਡੋਨੇਸ਼ੀਆ ਵਿੱਚ ਭਾਰਤ ਦੇ ਕੌਂਸਲ ਜਨਰਲ ਮੁੱਖ ਮਹਿਮਾਨ ਸਨ। ਉਨ੍ਹਾਂ ਹਿੰਦੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕਰਨ ਦੀ ਗੱਲ ਆਖੀ ਅਤੇ ਸਾਰੇ ਸਾਹਿਤਕਾਰਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਸਾਰੇ ਕਵੀਆਂ ਦੀ ਸ਼ਲਾਘਾ ਕੀਤੀ ਅਤੇ ਵਿਸ਼ਵ ਭਰ ਦੇ ਕਵੀਆਂ ਨੂੰ ਇਕਜੁੱਟ ਕਰਨ ਲਈ ਐਲਪੀਜੀਆਈਐਸਏ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਐਲ.ਪੀ.ਜੀ.ਆਈ.ਐਸ.ਏ. ਦੁਆਰਾ ਚਲਾਈਆਂ ਜਾ ਰਹੀਆਂ ਮੁਫਤ ਔਨਲਾਈਨ ਹਿੰਦੀ ਕਲਾਸਾਂ ਦੀ ਸ਼ਲਾਘਾ ਕੀਤੀ ਅਤੇ ਇਸ ਕੰਮ ਵਿੱਚ ਸਹਿਯੋਗ ਕਰਨ ਲਈ ਹਰ ਸੰਭਵ ਮਦਦ ਕਰਨ ਲਈ ਵੀ ਕਿਹਾ। ਸੀਨੀਅਰ ਸਾਹਿਤਕਾਰ ਪ੍ਰੇਮ ਵਿੱਜ ਅਤੇ ਡਾ.ਵਿਨੋਦ ਸ਼ਰਮਾ ਅਤੇ ਪੀ.ਟੀ.ਟੋਬਾ.ਪਲਪ ਦੇ ਐਮ.ਡੀ.ਲੈਸਟਰੀ ਸੰਦੀਪ ਭੰਨਲਾ ਨੇ ਪ੍ਰੋਗਰਾਮ ਦੀ ਸਫਲਤਾ ਲਈ ਵਧਾਈ ਸੰਦੇਸ਼ ਭੇਜੇ। ਇੰਡੋਨੇਸ਼ੀਆ ਵਿੱਚ ਰਹਿ ਰਹੀ ਐਲ.ਪੀ.ਜੀ.ਆਈ. ਸਾਹਿਤ ਐਸੋਸੀਏਸ਼ਨ ਦੀ ਸੰਸਥਾਪਕ ਯੋਗਿਤਾ ਸ਼ਰਮਾ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪ੍ਰੋਗਰਾਮ ਦਾ ਸੰਚਾਲਨ ਕੀਤਾ। ਪ੍ਰੋਗਰਾਮ ਵਿੱਚ ਡਾ. ਕੌਫੀ ਫਾਊਂਡੇਸ਼ਨ ਤੋਂ ਐਲਿਸ ਵਿਜਯਾ, ਵਿੰਨੀ, ਸੁਰਿੰਦਰ ਕੁਮਾਰ - ਵਾਈਸ ਕੌਂਸਲ, ਵਿਪੁਲ ਸ਼ਰਮਾ - ਵਾਈਸ ਕੌਂਸਲ, ਯੂਨੀਵਰਸਿਟੀ ਸੁਮਾਤਰਾ ਉਤਾਰਾ ਤੋਂ ਡੀਨ ਪ੍ਰੋ. ਤਰਾਹੀਆ ਜ਼ੀਨ, ਪ੍ਰੋ. ਰਹਿਮਦਸਯਾਹ ਰੰਗੂਕੁਟੀ, ਟੀ.ਪੀ.ਐੱਲ. ਤੋਂ ਡਾਇਰੈਕਟਰ ਅਨਵਰ, ਮਯੰਕ ਜਿੰਦਲ, ਸਲੋਮੋ, ਸਾਰਾਹ ਪੀਆ ਦੇਸੀਡੇਰੀਆ - ਪੁਤਰੀ ਇੰਡੋਨੇਸ਼ੀਆ ਸੁਮਾਤਰਾ ਉਤਾਰਾ, ਐਲ.ਪੀ.ਜੀ.ਆਈ.ਐਸ.ਏ. ਦੇ ਸਾਹਿਤਕਾਰ ਅਤੇ ਆਈ.ਈ.ਏ.ਐਮ. ਦੇ ਮੈਂਬਰ ਹਾਜ਼ਰ ਹੋਏ। ਸਾਰਾਹ ਪੀਆ ਦੇਸੀਡੇਰੀਆ ਨੂੰ ਐਲ.ਪੀ.ਜੀ. ਆਈ. ਸਾਹਿਤ ਐਸੋਸੀਏਸ਼ਨ ਦੇ ਵੱਕਾਰੀ ਐਲ.ਪੀ.ਜੀ.ਆਈ. ਸਾਹਿਤ ਐਸੋਸੀਏਸ਼ਨ ਐਕਸੀਲੈਂਸ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਯਯਾਸਨ ਬੋਨਪਾਸੋਗਿਤ ਸੇਜਾਤਰਾ ਸਕੂਲ ਦੇ ਵਿਦਿਆਰਥੀਆਂ ਨੇ ਇੰਡੋਨੇਸ਼ੀਆ ਅਤੇ ਭਾਰਤ ਦੇ ਸੰਗੀਤ ਤੇ ਸ਼ਾਨਦਾਰ ਡਾਂਸ ਪੇਸ਼ ਕੀਤਾ। ਇਸ ਮੌਕੇ ਕੌਂਸਲ ਜਨਰਲ ਰਵੀ ਸ਼ੰਕਰ ਗੋਇਲ ਵੱਲੋਂ ਭਾਰਤ ਅਤੇ ਇੰਡੋਨੇਸ਼ੀਆ ਦੀ ਦੋਸਤੀ 'ਤੇ ਪ੍ਰਕਾਸ਼ਿਤ ਸਾਂਝੀ ਕਾਵਿ ਪੁਸਤਕ 'ਦੋ ਮਹਾਨ ਰਾਸ਼ਟਰ, ਇੱਕ ਅਟੁੱਟ ਰਿਸ਼ਤਾ ਭਾਰਤ-ਇੰਡੋਨੇਸ਼ੀਆ ਭਾਰਤੀ ਕਵੀਆਂ ਦੀ ਕਲਮ ਤੋਂ' ਰਿਲੀਜ਼ ਕੀਤੀ ਗਈ। ਇੰਡੋਨੇਸ਼ੀਆ ਤੋਂ ਯੋਗਿਤਾ ਸ਼ਰਮਾ ਅਤੇ ਯੂਏਈ ਤੋਂ ਅਵਧੇਸ਼ ਰਾਣਾ ਇਸ ਕਿਤਾਬ ਦੇ ਡਿਪਟੀ ਐਡੀਟਰ ਹਨ।

# ਦੀਪਾਲੀ ਮੋਂਗਾ ਤੇ ਅਨਮੋਲ ਗੁਪਤਾ ਦੇ ਨਾਲ ਲੁਧਿਆਣਾ ਦੇ ਮਸ਼ਹੂਰ ਬਾਬਾ ਰੈਸਟੋਰੈਂਟ ਦਾ ਸਵਾਦ ਚੱਖਣ ਦੇ ਲਈ ਹੋ ਜਾਓ ਤਿਆਰ ਇਸ ਸ਼ਨੀਵਾਰ ਸ਼ਾਮ 6 ਵਜੇ !!






(ਲੋਕ ਬਾਣੀ) ਇਸ ਹਫਤੇ ਜ਼ਾਇਕਾ ਪੰਜਾਬ ਦਾ ਤੇ, ਜ਼ੀ ਪੰਜਾਬੀ ਦੇ ਪ੍ਰਸਿੱਧ ਰਸੋਈ ਸ਼ੋਅ ਦੇ ਮੇਜ਼ਬਾਨ ਅਨਮੋਲ ਗੁਪਤਾ ਅਤੇ ਦੀਪਾਲੀ ਮੋਂਗਾ ਦਰਸ਼ਕਾਂ ਨੂੰ ਲੁਧਿਆਣਾ ਦੀ ਇੱਕ ਸੁਆਦੀ ਯਾਤਰਾ ਤੇ ਲੈ ਕੇ ਜਾਣਗੇ। ਇਸ ਸ਼ਨੀਵਾਰ ਨੂੰ ਪ੍ਰਸਾਰਿਤ ਹੋਣ ਵਾਲੇ ਆਉਣ ਵਾਲੇ ਐਪੀਸੋਡ ਵਿੱਚ, ਇਹ ਜੋੜੀ ਪ੍ਰਸਿੱਧ ਬਾਬਸ ਰੈਸਟੋਰੈਂਟ ਵਿੱਚ ਜਾ ਕੇ ਇਸਦੇ ਵਿਸ਼ੇਸ਼ ਪਕਵਾਨਾਂ ਦਾ ਸੁਆਦ ਲੈਣਗੇ ਅਤੇ ਇਸ ਪਿਆਰੇ ਭੋਜਨ ਸਥਾਨ ਦੇ ਪਿੱਛੇ ਦੀ ਕਹਾਣੀ ਨੂੰ ਉਜਾਗਰ ਕਰਨਗੇ।

ਆਪਣੇ ਅਮੀਰ ਸੁਆਦਾਂ ਅਤੇ ਰਵਾਇਤੀ ਪੰਜਾਬੀ ਖਾਣੇ ਲਈ ਜਾਣਿਆ ਜਾਂਦਾ ਹੈ, ਬਾਬਾ ਲੁਧਿਆਣਾ ਵਿੱਚ ਭੋਜਨ ਪ੍ਰੇਮੀਆਂ ਲਈ ਇੱਕ ਜਾਣ-ਪਛਾਣ ਵਾਲੀ ਥਾਂ ਬਣ ਗਿਆ ਹੈ। ਅਨਮੋਲ ਅਤੇ ਦੀਪਾਲੀ ਨਾ ਸਿਰਫ਼ ਰੈਸਟੋਰੈਂਟ ਦੇ ਮੀਨੂ ਤੋਂ ਵਿਲੱਖਣ ਪੇਸ਼ਕਸ਼ਾਂ ਦਾ ਆਨੰਦ ਲੈਣਗੇ ਬਲਕਿ ਇਸਦੀ ਸਫਲਤਾ ਦੇ ਪਿੱਛੇ ਦਿਲਚਸਪ ਇਤਿਹਾਸ ਨੂੰ ਵੀ ਸਾਂਝਾ ਕਰਨਗੇ। ਦਰਸ਼ਕ ਇਹ ਜਾਣਨ ਦੀ ਉਡੀਕ ਕਰ ਸਕਦੇ ਹਨ ਕਿ ਕਿਹੜੀ ਗੱਲ ਬਾਬਿਆਂ ਨੂੰ ਲੁਧਿਆਣਾ ਦੇ ਭੋਜਨ ਸੱਭਿਆਚਾਰ ਦਾ ਅਜਿਹਾ ਪਿਆਰਾ ਹਿੱਸਾ ਬਣਾਉਂਦੀ ਹੈ।

ਜ਼ਾਇਕਾ ਪੰਜਾਬ ਦਾ ਸੂਬੇ ਦੀ ਵਿਭਿੰਨ ਰਸੋਈ ਵਿਰਾਸਤ ਨੂੰ ਦਰਸਾਉਂਦੇ ਹੋਏ ਹਰ ਹਫ਼ਤੇ ਪੰਜਾਬ ਭਰ ਦੇ ਦਰਸ਼ਕਾਂ ਲਈ ਪ੍ਰਮਾਣਿਕ ਅਤੇ ਸੁਆਦਲੇ ਤਜ਼ਰਬਿਆਂ ਨੂੰ ਲੈ ਕੇ ਆਉਂਦਾ ਹੈ। ਇਸ ਮੂੰਹ ਨੂੰ ਪਾਣੀ ਦੇਣ ਵਾਲੇ ਐਪੀਸੋਡ ਨੂੰ ਨਾ ਭੁੱਲੋ ਕਿਉਂਕਿ ਅਨਮੋਲ ਅਤੇ ਦੀਪਾਲੀ ਬਾਬਾ ਦੇ ਵਿਖੇ ਲੁਧਿਆਣਾ ਦੇ ਸਭ ਤੋਂ ਵਧੀਆ ਪਕਵਾਨਾਂ ਦੀ ਪੜਚੋਲ ਕਰਦੇ ਹਨ।

ਪੰਜਾਬ ਦੇ ਅਸਲੀ ਸਵਾਦ ਦਾ ਅਨੁਭਵ ਕਰਨ ਲਈ ਇਸ ਸ਼ਨੀਵਾਰ ਸ਼ਾਮ 6:00 ਵਜੇ ਜ਼ੀ ਪੰਜਾਬੀ ਤੇ ਸੁਣੋ !

# ਖੇਡਾਂ ਵਤਨ ਪੰਜਾਬ ਦੀਆ ਵਿੱਚ ਮੇਘਾ ਨੇ ਚਾਂਦੀ ਦਾ ਤਗਮਾ ਜਿੱਤਣ ਤੇ ਕੋਚ ਸਿਧਾਂਤ ਝਾਂਭ ਦਾ ਕੀਤਾ ਧੰਨਵਾਦ




ਫਾਜ਼ਿਲਕਾ, (ਲੋਕ ਬਾਣੀ)

ਖੇਡਾਂ ਵਤਨ ਪੰਜਾਬ ਦੀਆਂ ਤਹਿਤ ਆਯੋਜਿਤ ਅੰਡਰ 21 ਬੈਡਮਿੰਟਨ ਟੂਰਨਾਮੈਂਟ ਵਿੱਚ ਮੇਘਾ ਨੇ ਮੈਡਲ ਜਿੱਤਣ ਤੋਂ ਬਾਅਦ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਕਿਹਾ, ਸਫਲਤਾ ਤਾਂ ਸਿਰਫ਼ ਇੱਕ ਪੜਾਅ ਹੈ, ਸਿੱਖਣਾ ਅਤੇ ਅੱਗੇ ਵਧਣਾ ਇਹ ਸਫ਼ਰ ਹੈ। ਹਰ ਨਾਕਾਮੀ ਸਾਨੂੰ ਕੁੱਝ ਨਵਾਂ ਸਿਖਾਉਂਦੀ ਹੈ, ਅਤੇ ਮੈਂ ਹਰ ਮੁਕਾਬਲੇ ਤੋਂ ਇਹੀ ਸਿੱਖਿਆ ਹੈ ਕਿ ਕਿਵੇਂ ਆਪਣੇ ਆਪ ਨੂੰ ਹੋਰ ਬਿਹਤਰ ਬਣਾਉਣਾ ਹੈ। ਮੇਰੇ ਕੋਚ ਨੇ ਹਮੇਸ਼ਾ ਮੈਨੂੰ ਇਹ ਗੱਲ ਸਮਝਾਈ ਹੈ ਕਿ ਨਤੀਜਾ ਸਿਰਫ਼ ਮਿਹਨਤ ਦੇ ਨਾਲ ਜੁੜਿਆ ਹੈ। ਮੇਘਾ ਨੇ ਕਿਹਾ ਕਿ ਇਹ ਸਫਲਤਾ ਸਿਰਫ਼ ਮੇਰੀ ਨਹੀਂ ਹੈ, ਇਹ ਮੇਰੇ ਕੋਚ ਅਤੇ ਮੇਰੇ ਮਾਤਾ ਪਿਤਾ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ। ਮੇਘਾ ਨੇ ਅੱਗੇ ਕਿਹਾ ਕੋਚ ਸਿਧਾਂਤ ਝਾਂਭ ਦੀ ਸਖ਼ਤ ਮਿਹਨਤ ਅਤੇ ਉਨ੍ਹਾਂ ਦੀਆਂ ਦਿਸ਼ਾਵਾਂ ਨੇ ਉਸਨੂੰ ਇਹ ਸਫਲਤਾ ਹਾਸਿਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਮੈਨੂੰ ਮੋਟਿਵੇਟ ਕੀਤਾ ਅਤੇ ਮੈਨੂੰ ਸਿੱਖਣ ਦੀ ਪ੍ਰੇਰਣਾ ਦਿੱਤੀ, ਜਿਸ ਨਾਲ ਮੈਂ ਇਹ ਸਫਲਤਾ ਹਾਸਿਲ ਕੀਤੀ। ਉਨ੍ਹਾਂ ਦੀ ਕੋਚਿੰਗ ਬਿਨਾ ਮੈਂ ਇਸ ਮੁਕਾਮ ਤੇ ਨਹੀਂ ਪਹੁੰਚ ਸਕਦੀ ਸੀ। ਉਨ੍ਹਾਂ ਨੇ ਹਮੇਸ਼ਾ ਮੈਨੂੰ ਮੇਰੇ ਕਮਜ਼ੋਰ ਪੱਖਾਂ ਤੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ, ਅਤੇ ਮੈਨੂੰ ਹੌਸਲਾ ਦਿੱਤਾ ਕਿ ਮੈਂ ਆਪਣੀ ਯੋਗਤਾ ਤੇ ਭਰੋਸਾ ਰੱਖਾਂ;

# ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਨੇ ਹਾਰਟ ਟੀਮ ਅਪ੍ਰੋਚ ਦੀ ਮਹੱਤਤਾ ਤੇ ਜ਼ੋਰ ਦਿੱਤਾ

(ਲੋਕ ਬਾਣੀ) ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਕੋਲ ਇਸ ਖੇਤਰ ਵਿੱਚ ਕਾਰਡੀਓਲੋਜਿਸਟਾਂ ਅਤੇ ਕਾਰਡੀਐਕ ਸਰਜਨਾਂ ਦੀ ਸਭ ਤੋਂ ਵੱਡੀ ਅਤੇ ਤਜਰਬੇਕਾਰ ਟੀਮ ਹੈ

ਪਟਿਆਲਾ, 27 ਸਤੰਬਰ : ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਨੇ ਦਿਲ ਦੀਆਂ ਬਿਮਾਰੀਆਂ ਦੇ ਇਲਾਜ ਵਿਚ ਹਾਰਟ ਟੀਮ ਅਪ੍ਰੋਚ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ । ਹਸਪਤਾਲ ਨੇ ਦਿਲ ਦੀ ਬਿਮਾਰੀ ਬਾਰੇ ਜਾਗਰੂਕਤਾ ਵਧਾਉਣ ਦੀ ਜ਼ਰੂਰਤ ਤੇ ਵੀ ਜ਼ੋਰ ਦਿੱਤਾ।

ਪਟਿਆਲਾ ਹਾਰਟ ਇੰਸਟੀਚਿਊਟ ਐਂਡ ਮਲਟੀਸਪੈਸ਼ਲਿਟੀ ਹਸਪਤਾਲ ਦੇ ਐਮਡੀ ਅਤੇ ਚੀਫ ਕਾਰਡੀਓਲੋਜਿਸਟ ਡਾ ਜੀ ਐਸ ਸਿੱਧੂ ਨੇ ਕਿਹਾ, ਹਸਪਤਾਲ ਵਿੱਚ ਇੱਕ ਛੱਤ ਹੇਠ 24 ਘੰਟੇ ਅਤਿ ਆਧੁਨਿਕ ਦਿਲ ਦੇ ਇਲਾਜ ਦੀ ਮੁਹਾਰਤ ਅਤੇ ਸਹੂਲਤਾਂ ਹਨ। ਹਸਪਤਾਲ ਪੰਜਾਬ ਦੇ ਮਾਲਵਾ ਖੇਤਰ ਦਾ ਇਕਲੌਤਾ ਹਸਪਤਾਲ ਹੈ ਜਿੱਥੇ ਇੰਨੀ ਚੰਗੀ ਤਰ੍ਹਾਂ ਨਾਲ ਲੈਸ ਟੀਮ ਅਤੇ ਦਿਲ ਦੀ ਦੇਖਭਾਲ ਲਈ ਆਧੁਨਿਕ ਸਹੂਲਤਾਂ ਹਨ। ਹਸਪਤਾਲ ਦਿਲ ਦੇ ਮਰੀਜ਼ਾਂ ਨੂੰ ਉੱਚ ਗੁਣਵੱਤਾ ਵਾਲਾ, ਅਤਿ ਆਧੁਨਿਕ ਇਲਾਜ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਸਿੱਧੂ ਨੇ ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਵਿਖੇ ਇੰਟਰਵੈਨਸ਼ਨਲ ਕਾਰਡੀਓਲੋਜਿਸਟਾਂ ਦੀ ਟੀਮ ਨੂੰ ਵੀ ਜਾਣੂ ਕਰਵਾਇਆ, ਜਿਸ ਵਿੱਚ ਸੀਨੀਅਰ ਇੰਟਰਵੈਨਸ਼ਨਲ ਕਾਰਡੀਓਲੋਜਿਸਟ ਡਾ ਸਿਮਰਜੋਤ ਸਿੰਘ ਸਰੀਨ, ਸੀਨੀਅਰ ਇੰਟਰਵੈਨਸ਼ਨਲ ਕਾਰਡੀਓਲੋਜਿਸਟ ਡਾ ਬੀਰਦਵਿੰਦਰ ਸਿੰਘ, ਇੰਟਰਵੈਨਸ਼ਨਲ ਕਾਰਡੀਓਲੋਜਿਸਟ ਡਾ ਗੁਰਦਰਸ਼ਨ ਸਿੰਘ ਅਤੇ ਕਾਰਡੀਐਕ ਇੰਟੈਨਸਿਵਿਸਟ ਡਾ ਬਿਸਵਜੀਤ ਮਹਾਰਾਣਾ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਹਰੇਕ ਨੂੰ ਮੁੱਢਲੀ ਐਂਜੀਓਪਲਾਸਟੀ ਦੀ ਲੋੜ ਵਾਲੇ ਤੀਬਰ ਮਾਇਓਕਾਰਡੀਅਲ ਇਨਫਾਰਕਸ਼ਨ (ਦਿਲ ਦਾ ਦੌਰਾ) ਦੇ ਪ੍ਰਬੰਧਨ ਵਿੱਚ ਮੁਹਾਰਤ ਹੈ।

ਇਸ ਮੌਕੇ ਚੀਫ ਓਪਰੇਟਿੰਗ ਅਫਸਰ ਦਿਲਸ਼ਾਦ ਸਿੰਘ ਸਿੱਧੂ, ਕਾਰਡੀਓਥੋਰਾਸਿਕ ਅਤੇ ਵੈਸਕੂਲਰ ਸਰਜਨ ਡਾ. ਸੁਰਿੰਦਰ ਪਾਲ ਸਿੰਘ ਬੱਗਾ ਅਤੇ ਇਸ ਮੌਕੇ ਮੈਡੀਕਲ ਡਾਇਰੈਕਟਰ ਅਤੇ ਕੰਸਲਟੈਂਟ-ਇੰਟਰਨਲ ਮੈਡੀਸਨ ਡਾ ਐਮਜੇ ਜੈਕਾਂਤ ਵੀ ਮੌਜੂਦ ਸਨ।

ਇਸ ਮੌਕੇ ਡਾ. ਸਿੱਧੂ ਨੇ ਡੋਰ-ਟੂ-ਬਲੂਨ ਟਾਈਮ ਦੇ ਬਾਰੇ ਵੀ ਵਿਸਥਾਰ ਨਾਲ ਦੱਸਿਆ ਜੋ ਮਰੀਜ਼ ਦੇ ਹਸਪਤਾਲ ਪਹੁੰਚਣ ਅਤੇ ਇਲਾਜ ਦੀ ਸ਼ੁਰੂਆਤ ਦੇ ਵਿਚਕਾਰ ਅੰਤਰਾਲ, ਖਾਸ ਕਰਕੇ ਐਂਜੀਓਪਲਾਸਟੀ ਨੂੰ ਦਰਸਾਉਂਦਾ ਹੈ।

ਆਮ ਆਦਮੀ ਦੇ ਸ਼ਬਦਾਂ ਵਿੱਚ, ਇਸਦਾ ਮਤਲਬ ਇਹ ਹੈ ਕਿ ਜਿੰਨੀ ਜਲਦੀ ਡਾਕਟਰੀ ਟੀਮ ਦਿਲ ਵਿੱਚ ਖੂਨ ਦੇ ਪ੍ਰਵਾਹ ਨੂੰ ਬਹਾਲ ਕਰਨ ਲਈ ਲੋੜੀਂਦੀ ਪ੍ਰਕਿਰਿਆ ਕਰ ਸਕਦੀ ਹੈ, ਮਰੀਜ਼ ਲਈ ਠੀਕ ਹੋਣ ਅਤੇ ਬਚਣ ਦੀ ਸੰਭਾਵਨਾ ਓਨੀ ਹੀ ਵਧੀਆ ਹੁੰਦੀ ਹੈ ।

ਸਰਬੋਤਮ ਗਲੋਬਲ ਕਲੀਨਿਕਲ ਅਭਿਆਸਾਂ ਦੇ ਅਨੁਸਾਰ, ਆਦਰਸ਼ ਡੋਰ-ਟੂ-ਬਲੂਨ ਸਮਾਂ 90 ਮਿੰਟਾਂ ਤੋਂ ਘੱਟ ਹੈ । ਉਨ੍ਹਾਂ ਕਿਹਾ ਕਿ ਇਹ ਦਿਲ ਦੀਆਂ ਮਾਸਪੇਸ਼ੀਆਂ ਦੇ ਨੁਕਸਾਨ ਨੂੰ ਘਟਾਉਣ ਅਤੇ ਦਿਲ ਦੇ ਦੌਰੇ ਤੋਂ ਪੀੜਤ ਮਰੀਜ਼ਾਂ ਲਈ ਨਤੀਜਿਆਂ ਵਿੱਚ ਸੁਧਾਰ ਕਰਨ ਵਿੱਚ ਮਹੱਤਵਪੂਰਨ ਹੈ।




ਦਿਲ ਦੀ ਸੰਭਾਲ ਵਿੱਚ ਟੀਮ ਵਰਕ ਦੀ ਮਹੱਤਤ

ਸੁਰਿੰਦਰ ਪਾਲ ਸਿੰਘ ਬੱਗਾ ਨੇ ਜ਼ੋਰ ਦੇ ਕੇ ਕਿਹਾ ਕਿ ਦਿਲ ਦੇ ਦੌਰੇ ਦੌਰਾਨ ਜਾਨਾਂ ਬਚਾਉਣਾ ਲਈ ਪ੍ਰਭਾਵਸ਼ਾਲੀ ਟੀਮ ਵਰਕ ਦੀ ਲੋੜ ਹੁੰਦੀ ਹੈ। ਦਿਲ ਦੀ ਬਿਮਾਰੀ ਦਾ ਵਧਦਾ ਪ੍ਰਸਾਰ ਖਾਸ ਤੌਰ ਤੇ ਵਿਸ਼ਵ ਦੀ ਡਾਇਬਿਟੀਜ਼ ਦੀ ਰਾਜਧਾਨੀ ਭਾਰਤ ਵਿੱਚ ਚਿੰਤਾਜਨਕ ਹੈ। ਸਿੱਧੂ ਨੇ ਦਿਲ ਦੇ ਦੌਰੇ ਦੇ ਲੱਛਣਾਂ ਬਾਰੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ, ਜਿਸ ਵਿੱਚ ਛਾਤੀ ਵਿੱਚ ਦਰਦ, ਸਾਹ ਦੀ ਕਮੀ, ਮਤਲੀ ਅਤੇ ਹੱਥਾਂ, ਗਰਦਨ ਜਾਂ ਜਬਾੜੇ ਵਿੱਚ ਦਰਦ ਸ਼ਾਮਲ ਹੋ ਸਕਦੇ ਹਨ।

ਦਿਲ ਦੀ ਬਿਮਾਰੀ ਦਾ ਆਰਥਿਕ ਪ੍ਰਭਾਵ

ਦਿਲ ਦੇ ਦੌਰੇ ਕਾਰਨ ਛੋਟੀ ਉਮਰ ਵਿੱਚ ਕਮਾਉਣ ਵਾਲੇ ਨੂੰ ਗੁਆਉਣਾ ਪਰਿਵਾਰਾਂ ਲਈ ਵਿਨਾਸ਼ਕਾਰੀ ਹੋ ਸਕਦਾ ਹੈ। ਸਿੱਧੂ ਨੇ ਦਿਲ ਦੀ ਬਿਮਾਰੀ ਦੇ ਨਾ ਸਿਰਫ ਪ੍ਰਭਾਵਿਤ ਪਰਿਵਾਰਾਂ ਸਗੋਂ ਸਮੁੱਚੇ ਸਮਾਜ ਲਈ ਵੀ ਮਹੱਤਵਪੂਰਨ ਆਰਥਿਕ ਨਤੀਜਿਆਂ ਤੇ ਚਾਨਣਾ ਪਾਇਆ। ਸਿਹਤ ਦੇਖਭਾਲ ਦੇ ਖਰਚਿਆਂ, ਆਮਦਨ ਦਾ ਨੁਕਸਾਨ ਅਤੇ ਭਾਵਨਾਤਮਕ ਸੰਕਟ ਦਾ ਬੋਝ ਮਹੱਤਵਪੂਰਣ ਤੌਰ ਤੇ ਪ੍ਰਭਾਵਤ ਕਰ ਸਕਦਾ ਹੈ, ਜੋ ਰੋਕਥਾਮ ਅਤੇ ਸਮੇਂ ਸਿਰ ਦਖਲ ਅੰਦਾਜ਼ੀ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਰੋਕਥਾਮ: ਸਭ ਤੋਂ ਵਧੀਆ ਰਣਨੀਤੀ

ਸਿੱਧੂ ਨੇ ਕਿਹਾ ਕਿ ਰੋਕਥਾਮ ਹਮੇਸ਼ਾ ਸਭ ਤੋਂ ਵਧੀਆ ਰਣਨੀਤੀ ਹੁੰਦੀ ਹੈ। ਦਿਲ ਦੇ ਦੌਰੇ ਦੇ ਮਾਮਲੇ ਵਿੱਚ ਸਮੇਂ ਸਿਰ ਦਖਲ ਦੇਣਾ ਮਹੱਤਵਪੂਰਨ ਹੈ। ਵਿਅਕਤੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਦਿਲ-ਧਮਣੀਆਂ ਦੀ ਸਿਹਤ ਬਾਰੇ ਜਾਗਰੂਕ ਹੋਣ ਅਤੇ ਜਾਂਚਾਂ ਅਤੇ ਮੁਲਾਂਕਣਾਂ ਲਈ ਸਿਹਤ ਪੇਸ਼ੇਵਰਾਂ ਨਾਲ ਨਿਯਮਤ ਤੌਰ ਤੇ ਸਲਾਹ-ਮਸ਼ਵਰਾ ਕਰਨ।

ਡਾ ਐਮਜੇ ਜੈਕਾਂਤ ਨੇ ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਵਿਖੇ ਹਾਰਟ ਟੀਮ ਅਪ੍ਰੋਚ ਦੀ ਮਹੱਤਤਾ ਤੇ ਚਾਨਣਾ ਪਾਇਆ।

ਦਿਲਸ਼ਾਦ ਸਿੰਘ ਸਿੱਧੂ ਨੇ ਕਿਹਾ ਕਿ ਪਟਿਆਲਾ ਹਾਰਟ ਇੰਸਟੀਚਿਊਟ ਅਤੇ ਮਲਟੀਸਪੈਸ਼ਲਿਟੀ ਹਸਪਤਾਲ ਵਿੱਚ ਕਾਰਡੀਓਲੋਜਿਸਟਾਂ ਅਤੇ ਕਾਰਡੀਐਕ ਸਰਜਨਾਂ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਤਜਰਬੇਕਾਰ ਟੀਮ ਸ਼ਾਮਲ ਹੈ।

# ਗੁਰੂ ਨਗਰੀ ਜਿੱਥੇ ਗੁਲਦਸਤੇ ਦੇ ਫੁੱਲ ਮੁਰਝਾਉਣ ਤੋਂ ਪਹਿਲਾਂ ਹੀ ਬਦਲ ਗਿਆ ਨਿਗਮ ਕਮਿਸ਼ਨਰ

ਅੰਮ੍ਰਿਤਸਰ, (ਲੋਕ ਬਾਣੀ) ਨਗਰ ਨਿਗਮ ਅੰਮ੍ਰਿਤਸਰ ਵਿੱਚ ਪਿਛਲੇ ਕਰੀਬ ਦੋ ਸਾਲਾਂ ਤੋਂ ਨਿਗਮ ਦੀ ਕੁਰਸੀ ਤੇ ਆਉਣ ਵਾਲੇ ਕਮਿਸ਼ਨਰਾਂ ਦੀ ਊਠਕ ਬੈਠਕ ਹੀ ਚੱਲ ਰਹੀ ਹੈ। ਇੰਨੇ ਘੱਟ ਸਮੇਂ ਦੇ ਵਿੱਚ ਕਰੀਬ 10 ਕਮਿਸ਼ਨਰ ਆ ਤੇ ਜਾ ਚੁੱਕੇ ਹਨ। ਕਰੀਬ ਤਿੰਨ ਦਿਨ ਪਹਿਲਾਂ 23 ਸਤੰਬਰ 2024 ਨੂੰ ਸਰਕਾਰ ਵੱਲੋਂ ਗੁੱਲਪ੍ਰੀਤ ਸਿੰਘ ਔਲਖ ਨੂੰ ਨਿਗਮ ਕਮਿਸ਼ਨਰਾਂ ਦੀ ਕੁਰਸੀ ਤੇ ਬਿਠਾਇਆ ਗਿਆ ਸੀ ਜਦਕਿ 25 ਸਤੰਬਰ 2024 ਨੂੰ ਉਹਨਾਂ ਦੀ ਜਗ੍ਹਾ ਰਾਹੁਲ ਚੱਬਾ ਨੂੰ ਨਵਾਂ ਕਮਿਸ਼ਨਰ ਬਣਾਉਣ ਦੇ ਆਦੇਸ਼ ਵੀ ਜਾਰੀ ਕਰ ਦਿੱਤੇ ਗਏ ਸਨ। ਪਰ ਪਤਾ ਚੱਲਿਆ ਹੈ ਕਿ ਰਾਜਨੀਤਿਕ ਦਖਲ ਅੰਦਾਜ਼ੀ ਦੇ ਚਲਦਿਆਂ ਰਾਹੁਲ ਚੱਬਾ ਵੀ ਨਿਗਮ ਕਮਿਸ਼ਨਰ ਦੀ ਕੁਰਸੀ ਨਹੀਂ ਸੰਭਾਲ ਰਹੇ ਹਨ। ਸਰਦਾਰ ਗੁਲਪ੍ਰੀਤ ਸਿੰਘ ਔਲਖ ਨੂੰ ਜਿਨਾਂ ਨੇ ਸਨਮਾਨਿਤ ਕੀਤਾ ਉਹਨਾਂ ਨੂੰ ਦਿੱਤੇ ਗੁਲਦਸਤਿਆਂ ਦੇ ਦੇ ਅਜੇ ਫੁੱਲ ਵੀ ਨਹੀਂ ਮੁਰਝਾਏ ਹਨ। ਜਿਨਾਂ ਨੇ ਅਗਲੇ ਦਿਨ ਕਮਿਸ਼ਨਰ ਨੂੰ ਸਨਮਾਨਿਤ ਕਰਨ ਵਾਸਤੇ ਗੁਲਦਸਤੇ, ਸ਼ਾਲ ਅਤੇ ਮਠਿਆਈ ਦੇ ਡੱਬੇ ਲਏ ਸਨ ਉਹ ਉਂਝ ਦੇ ਉਂਝ ਹੀ ਧਰੇ ਧਰਾਏ ਰਹਿ ਗਏ ਹਨ। ਉਧਰ ਦੂਸਰੇ ਪਾਸੇ ਦਸੰਬਰ 2017 ਵਿੱਚ ਨਗਰ ਨਿਗਮ ਦੀ ਚੋਣਾਂ ਹੋਈਆਂ ਸਨ। ਨਵੀਆਂ ਚੋਣਾਂ ਨਾ ਹੋਣ ਦੇ ਚੱਲਦਿਆਂ ਹੁਣ ਨਾ ਤਾਂ ਨਿਗਮ ਦਾ ਕੋਈ ਮੇਅਰ ਅਤੇ ਕੌਂਸਲਰ ਹੈ। ਜਿਸ ਦੇ ਚੱਲਦਿਆਂ ਸ਼ਹਿਰ ਦੇ ਵਿਕਾਸ ਦੇ ਕੰਮਾਂ ਸਮੇਤ ਸ਼ਹਿਰ ਦੀਆਂ ਮੁਸ਼ਕਿਲਾਂ ਨੂੰ ਲੈ ਕੇ ਕੋਈ ਵੀ ਹੋਰ ਕੌਂਸਲਰਾਂ ਦੀ ਬੈਠਕ ਨਹੀਂ ਹੋ ਰਹੀ ਹੈ।

ਪਿਛਲੇ ਕਰੀਬ ਢਾਈ ਸਾਲਾਂ ਦੀ ਗੱਲ ਕਰੀਏ ਤਾਂ 1 ਜੁਲਾਈ 2021 ਨੂੰ ਕਰੀਬ ਸਾਢੇ ਚਾਰ ਮਹੀਨੇ ਵਾਸਤੇ ਐਮ.ਐਸ ਜੱਗੀ ਕਮਿਸ਼ਨਰ ਦੀ ਕੁਰਸੀ ਤੇ ਬਿਰਾਜਮਾਨ ਕੀਤੇ ਗਏ ਸਨ। ਜੋ ਆਪਣੇ ਵਧੀਆ ਕੰਮਾਂ ਦੇ ਚੱਲਦਿਆਂ ਚਰਚਾ ਵਿੱਚ ਵੀ ਰਹੇ ਅਤੇ ਬਦਲੀ ਦੇ ਦੌਰਾਨ ਜਾਂਦੇ ਜਾਂਦੇ ਇੱਕ ਚੰਗੇ ਭਲੇ ਰਾਜਨੀਤਿਕ ਨੇਤਾ ਨੂੰ ਵੀ ਪੜ੍ਹਨੇ ਪਾ ਗਏ ਸਨ। ਇਸ ਤੋਂ ਇਲਾਵਾ ਦੋ ਵਾਰੀ ਅੰਮ੍ਰਿਤਸਰ ਦੇ ਕਮਿਸ਼ਨਰ ਰਹੇ ਸੋਨਾਲੀ ਗਿਰੀ ਤੋਂ ਇਲਾਵਾ ਅੰਮ੍ਰਿਤਸਰ ਦੇ ਹੀ ਨਿਵਾਸੀ ਸੰਦੀਪ ਰਿਸ਼ੀ ਤਿੰਨ ਵਾਰੀ ਕਮਿਸ਼ਨਰ ਅਤੇ ਅਡੀਸ਼ਨਲ ਕਮਿਸ਼ਨਰ ਦੇ ਅਹੁਦਿਆਂ ਤੇ ਰਹਿ ਕੇ ਨਗਰ ਨਿਗਮ ਦੀ ਵਧੀਆ ਕਾਰਗੁਜ਼ਾਰੀ ਅਤੇ ਸ਼ਹਿਰ ਵਾਸੀਆਂ ਨੂੰ ਚੰਗੀਆਂ ਸੇਵਾਵਾਂ ਦੇਣ ਵਿੱਚ ਕਾਮਯਾਬ ਰਹੇ ਸਨ। ਕਮਿਸ਼ਨਰ ਕੋਮਲ ਮਿੱਤਲ ਵੀ ਅਸਰਦਾਰ ਕਮਿਸ਼ਨਰ ਰਹੇ। ਥੋੜੇ ਥੋੜੇ ਸਮੇਂ ਲਈ ਕਮਿਸ਼ਨਰ ਦੇ ਅਹੁਦੇ ਤੇ ਆਉਣ ਵਾਲੇ ਕੁਮਾਰ ਸੌਰਵ ਵੀ ਆਪਣੇ ਚੰਗੇ ਕੰਮਾਂ ਵਜੋ ਜਾਣੇ ਜਾਂਦੇ ਰਹੇ ਹਨ। ਇਹਨਾਂ ਤੋਂ ਇਲਾਵਾ 19 ਨਵੰਬਰ 2021 ਵਿੱਚ ਸੰਦੀਪ ਰਿਸ਼ੀ,17 ਜੁਲਾਈ 2021 ਨੂੰ ਕੁਮਾਰ ਸੌਰਵ,13 ਅਗਸਤ 2021 ਨੂੰ ਦਵਿੰਦਰ ਸਿੰਘ,22 ਅਗਸਤ 2022 ਨੂੰ ਕੁਮਾਰ ਸੌਰਵ,4 ਨਵੰਬਰ 2022 ਨੂੰ ਅਭੀਜੀਤ (ਅੱਠ ਦਿਨਾਂ ਲਈ), 15 ਨਵੰਬਰ 2022 ਨੂੰ ਕੁਮਾਰ ਸੌਰਵ (15 ਦਿਨਾਂ ਲਈ),30 ਨਵੰਬਰ 2022 ਨੂੰ ਸੰਦੀਪ ਰਿਸ਼ੀ,11 ਅਗਸਤ 2022 ਨੂੰ ਰਾਹੁਲ ਜੀ,15 ਨਵੰਬਰ 2023 ਨੂੰ ਘਣਸਿਆਮ ਥੋਰੀ,20 ਜਨਵਰੀ 2024 ਨੂੰ ਹਰਪ੍ਰੀਤ ਸਿੰਘ ਅੰਮ੍ਰਿਤਸਰ ਦੇ ਕਮਿਸ਼ਨਰ ਬਣੇ। 9 ਸਤੰਬਰ 2024 ਨੂੰ ਗੁਲਪ੍ਰੀਤ ਸਿੰਘ ਔਲਖ ਤੋਂ ਬਾਅਦ ਹੁਣ 25 ਸਤੰਬਰ 2024 ਨੂੰ ਸਰਕਾਰ ਵੱਲੋਂ ਤੈਨਾਤ ਕੀਤੇ ਗਏ ਨਵੇਂ ਕਮਿਸ਼ਨਰ ਰਾਹੁਲ ਚੱਬਾ ਆਪਣਾ ਅਹੁਦਾ ਸੰਭਾਲਣਗੇ।

ਬਾਰ-ਬਾਰ ਨਿਗਮ ਕਮਿਸ਼ਨਰਾਂ ਦੀ ਹੋ ਰਹੀ ਤੈਨਾਤੀ ਤੇ ਚੱਲਦਿਆਂ ਨਵੇਂ ਆਉਣ ਵਾਲੇ ਕਮਿਸ਼ਨਰ ਜਿੰਨਾ ਚਿਰ ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ-ਕਰਮਚਾਰੀਆਂ ਦੇ ਚੰਗੇ ਮਾੜੇ ਕੰਮਾਂ,ਨਿਗਮ ਨੂੰ ਚਲਾਉਣ ਦੀ






ਰਣਨੀਤੀ,ਫੰਡ, ਟੈਕਸਾਂ,ਬਿੱਲਾਂ ਦੀ ਰਿਕਵਰੀ, ਸ਼ਹਿਰ ਦੇ ਛੋਟੇ ਵੱਡੇ ਨੇਤਾਵਾਂ, ਗੁਰੂ ਨਗਰੀ ਦੇ ਲੋਕਾਂ ਅਤੇ ਆਉਣ ਜਾਣ ਵਾਲੇ ਸ਼ਰਧਾਲੂਆਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਸਮਝ ਰਹੇ ਹੁੰਦੇ ਹਨ ਜਾਂ ਕੰਮਾਂ ਦੇ ਨਿਪਟਾਰੇ ਨੂੰ ਲੈ ਕੇ ਰੂਪ ਰੇਖਾ ਤਿਆਰ ਕਰ ਰਹੇ ਹੁੰਦੇ ਹਨ ਤਾਂ ਕਮਿਸ਼ਨਰ ਦੀ ਬਦਲੀ ਹੋਣ ਦੇ ਕਾਰਨ ਕਈ ਵਾਰੀ ਕੰਮ ਧਰੇ ਧਰਾਏ ਰਹਿ ਜਾਂਦੇ ਹਨ।

ਇਸ ਸਮੇਂ ਸ਼ਹਿਰ ਦੇ ਵਿੱਚ ਗੰਦਗੀ ਦੇ ਢੇਰਾਂ ਦੇ ਚੱਲਦਿਆਂ ਲੋਕਾਂ ਦਾ ਰਹਿਣਾ ਅਤੇ ਆਉਣਾ ਜਾਣਾ ਮੁਸ਼ਕਿਲ ਹੋ ਰਿਹਾ ਹੈ। ਡੀ-ਸਿਲਟਿੰਗ ਦੇ ਨਾਮ ਤੇ ਟਾਈਮ ਪਾਸ ਕਰਦਿਆਂ ਸੀਵਰੇਜ ਪਾਈਪਾਂ ਤੇ ਹੌਦੀਆਂ ਗੰਦਗੀ ਦੇ ਨਾਲ ਭਰੀਆਂ ਹੋਈਆਂ ਹਨ। ਲਗਭਗ ਹਰ ਵਾਰਡ ਦੇ ਵਿੱਚ ਸੀਵਰੇਜ ਦੀਆਂ ਮੁਸ਼ਕਿਲਾਂ ਤੋਂ ਲੋਕ ਦੁਖੀ ਹਨ। ਘਰ ਵਾਲਾ ਘਰ ਨਹੀਂ ਸਾਨੂੰ ਕਿਸੇ ਦਾ ਡਰ ਨਹੀਂ.. ਕਹਾਵਤ ਦੀ ਤਰ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਚਾਂਦੀ ਹੈ। ਕਿਉਂਕਿ ਅਗਰ ਕੋਈ ਇਮਾਨਦਾਰ,ਮਿਹਨਤੀ,ਰੋਹਬਵਾਲਾ ਚੰਗਾ ਉੱਚ ਅਧਿਕਾਰੀ ਨਗਰ ਨਿਗਮ ਦੀ ਵਾਂਗ ਡੋਰ ਸੰਭਾਲੇਗਾ ਤਾਂ ਨਗਰ ਨਿਗਮ ਦੇ ਵਿਭਾਗਾਂ ਜਰੀਏ ਆਉਣ ਵਾਲੇ ਪੈਸਿਆਂ ਨਾਲ ਨਿਗਮ ਦਾ ਗੱਲਾ ਭਰੇਗਾ। ਉਥੇ ਸ਼ਹਿਰ ਵਾਸੀਆਂ ਨੂੰ ਸਹੂਲਤਾਂ ਸਬੰਧੀ ਇੱਕ ਆਸ ਵੀ ਜਾਗੇਗੀ। ਹੁਣ ਨਵਾਂ ਚਾਰਜ ਸੰਭਾਲਣ ਵਾਲੇ ਕਮਿਸ਼ਨਰ ਰਾਹੁਲ ਚੱਬਾ ਗੁਰੂ ਨਗਰੀ ਵਿੱਚ ਕਿੰਨੇ ਦਿਨ ਕੱਟਣਗੇ। ਇਸ ਬਾਰੇ ਸਰਕਾਰ ਜਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਰੋਜ਼ਾਨਾ ਲੋਕ ਬਾਣੀ www.lokbani

# ਬਿਜਲੀ ਦੀਆਂ ਕਾਪਰ ਦੀਆਂ ਤਾਰਾਂ ਚੋਰੀ ਦੇ ਮਾਮਲੇ ਨੂੰ ਲੈ ਕੇ ਜੇ.ਈ ਤੇ ਲਟਕੀ ਸਸਪੈਂਸ਼ਨ ਦੀ ਤਲਵਾਰ

ਅੰਮ੍ਰਿਤਸਰ,(ਲੋਕ ਬਾਣੀ)- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੇ ਉੱਚ ਅਧਿਕਾਰੀਆਂ ਵੱਲੋਂ ਬਿਜਲੀ ਚੋਰੀ ਕਰਨ ਵਾਲਿਆਂ ਤੇ ਜਿੱਥੇ ਸਿਕੰਜਾ ਕਸਿਆ ਜਾ ਰਿਹਾ ਹੈ, ਉੱਥੇ ਆਪਣੇ ਹੀ ਵਿਭਾਗ ਵਿੱਚ ਘਾਲੇ ਮਾਲੇ ਕਰਨ ਵਾਲੇ ਅਧਿਕਾਰੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਜਿਸ ਦੀ ਮਿਸਾਲ ਸਬ ਡਿਵੀਜ਼ਨ ਟੁੰਡਾ ਤਲਾਬ ਅੰਮ੍ਰਿਤਸਰ ਵਿਖੇ ਦੇਖਣ ਨੂੰ ਮਿਲੀ ਹੈ। ਜਿੱਥੇ ਐਤਵਾਰ ਦੀ ਛੁੱਟੀ ਹੋਣ ਦੇ ਬਾਵਜੂਦ ਕਾਪਰ ਦੀਆਂ ਤਾਰਾਂ ਦੀ ਚੋਰੀਕਰਨ ਵਾਲੇ ਜੇ.ਈ ਸਮੇਤ ਕੰਪਲੇਂਟ ਹੈਂਡਲਿੰਗ ਬਾਈਕਸ ਵਰਕਰਾਂ ਤੇ ਸਸਪੈਂਡ ਹੋਣ ਦੀ ਤਲਵਾਰ ਲਟਕ ਗਈ ਹੈ। ਆਪਣੇ ਹੀ ਵਿਭਾਗ ਦੀਆਂ ਬਿਜਲੀ ਦੀਆਂ ਤਾਰਾਂ ਚੋਰੀ ਕਰਨ ਦੇ ਆਰੋਪ ਦੇ ਵਿੱਚ ਆਰੋਪੀਆਂ ਦੇ ਖਿਲਾਫ ਪੁਲਿਸ ਥਾਣਾ ਗੇਟ ਹਕੀਮਾਂ ਵਿਖੇ ਲਿਖਤ ਰਿਪੋਰਟ ਵੀ ਦੇ ਦਿੱਤੀ ਗਈ ਹੈ।



ਬਿਜਲੀ ਦੀਆਂ ਤਾਰਾਂ ਚੋਰੀ ਦਾ ਮਾਮਲਾ ਬਿਜਲੀ ਵਿਭਾਗ ਦੇ ਚੀਫ ਇੰਜੀਨੀਅਰ ਬਾਰਡਰ ਜੋਨ ਦੇਸ ਰਾਜ ਬੰਗੜ ਦੇ ਵੀ ਧਿਆਨ ਵਿੱਚ ਹੈ। ਗੁਪਤ ਸੂਚਨਾ ਦੇ ਅਧਾਰ ਤੇ ਮਿਲੀ ਜਾਣਕਾਰੀ ਤੋਂ ਬਾਅਦ ਦੇਸ ਰਾਜ ਬੰਗੜ ਨੇ ਦੱਸਿਆ ਕਿ ਅਗਰ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਵਿਭਾਗ ਦੇ ਵਿੱਚ ਭਰਿਸ਼ਟਾਚਾਰ ਜਾਂ ਚੋਰੀ ਕਰਦਾ ਹੈ ਤਾਂ ਉਸ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਕਾਪਰ ਦੀਆਂ ਤਾਰਾਂ ਦੀ ਹੋਣ ਵਾਲੀ ਚੋਰੀ ਦੀ ਕਾਰਵਾਈ ਲਈ ਐਸ.ਈ ਸਿਟੀ ਸਰਕਲ ਰਜੀਵ ਪਰਾਸ਼ਰ ਨੂੰ ਤੈਨਾਤ ਕੀਤਾ ਗਿਆ ਹੈ। ਉਧਰ ਐਸ.ਈ ਰਜੀਵ ਪਰਾਸ਼ਰ ਨੇ ਦੱਸਿਆ ਕਿ ਵਿਭਾਗ ਦੇ ਅਧਿਕਾਰੀ ਅਤੇ ਤੈਨਾਤ ਕਰਮਚਾਰੀਆਂ ਵੱਲੋਂ ਤਾਰਾਂ ਚੋਰੀ ਕਰਨ ਦੇ ਮਾਮਲੇ ਨੂੰ ਲੈ ਕੇ ਗੇਟ ਹਕੀਮਾਂ ਸਥਿਤ ਐਕਸੀਅਨ ਸਿਮਰਨਜੀਤ ਸਿੰਘ ਮਾਨ ਦੀ ਵੀ ਡਿਊਟੀ ਲਗਾਈ ਹੋਈ ਹੈ। ਐਕਸੀਅਨ ਸਿਮਰਨਜੀਤ ਸਿੰਘ ਮਾਨ ਨੇ ਦੱਸਿਆ ਕਿ ਜਿੱਥੇ ਕਾਰਵਾਈ ਸਬੰਧੀ ਥਾਣੇ ਨੂੰ ਲਿਖਤ ਰਿਪੋਰਟ ਦਿੱਤੀ ਗਈ ਹੈ। ਉੱਥੇ ਮਾਮਲੇ ਦੀ ਪੂਰੀ ਜਾਂਚ ਨੂੰ ਲੈ ਕੇ ਦਫਤਰ ਦੁਰਗਿਆਨਾ ਮੰਦਿਰ ਅਤੇ ਟੁੰਡਾ ਤਲਾਬ ਦੇ ਦੋ ਐਸ.ਡੀ.ਓ ਦੀ ਕਮੇਟੀ ਵੀ ਬਣਾ ਦਿੱਤੀ ਗਈ ਹੈ।

ਜਾਣਕਾਰੀ ਮੁਤਾਬਿਕ ਬਿਜਲੀ ਚੋਰੀ ਨੂੰ ਲੈ ਕੇ ਵਿਭਾਗ ਦੇ ਉੱਚ ਅਧਿਕਾਰੀਆਂ ਕੋਲ ਲਗਭਗ ਸਬੂਤ ਹਨ।ਫਿਰ ਵੀ ਮਾਮਲੇ ਨੂੰ ਪੱਕਿਆ ਕਰਨ ਲਈ ਸੀ.ਸੀ.ਟੀ.ਵੀ ਫੁਟੇਜ ਵੀ ਖੰਗਾਲੀ ਜਾ ਰਹੀ ਹੈ। ਉਧਰ ਚੀਫ ਇੰਜੀਨੀਅਰ ਦੇਸਰਾਜ ਬੰਗੜ ਨੇ ਗੱਲਬਾਤ ਦੌਰਾਨ ਦੱਸਿਆ ਕਿ ਬਿਜਲੀ ਚੋਰੀ ਦੀ ਰੋਕਥਾਮ ਦੇ ਉਦੇਸ਼ ਨਾਲ ਨਗਰ ਨਿਗਮ ਏਰੀਏ ਦੇ ਵਿੱਚ 11 ਕੇ.ਵੀ ਸਮੇਤ ਐਚ.ਟੀ ਅਤੇ ਐਲ.ਟੀ ਲਾਈਨਾਂ ਦੀਆਂ ਕਾਫੀ ਹੱਦ ਤੱਕ ਕਾਪਰ ਦੀਆਂ ਤਾਰਾਂ ਬਦਲ ਦਿੱਤੀਆਂ ਗਈਆਂ ਹਨ। ਪਰ ਕੁਝ ਜਗ੍ਹਾ ਤੇ ਅਜੇ ਵੀ ਕਾਪਰ ਦੀਆਂ ਤਾਰਾਂ ਹਨ। ਸਬ ਡਿਵੀਜ਼ਨ ਟੁੰਡਾ ਤਲਾਬ ਦੇ ਇਲਾਕੇ ਵਿੱਚੋਂ ਇੱਕ ਜੇ.ਈ ਵੱਲੋਂ ਬਿਜਲੀ ਵਰਕਰਾਂ ਦੇ ਨਾਲ ਐਤਵਾਰ ਦੀ ਛੁੱਟੀ ਹੋਣ ਦੇ ਬਾਵਜੂਦ ਚੋਰੀ ਤਾਰਾਂ ਉਤਾਰੀਆਂ ਗਈਆਂ ਹਨ। ਇਸ ਸੂਚਨਾ ਤੋਂ ਬਾਅਦ ਕਾਰਵਾਈ ਨੂੰ ਲੈ ਕੇ ਪੁਲਿਸ ਨੂੰ ਵੀ ਸੂਚਿਤ ਕੀਤਾ ਜਾ ਚੁੱਕਾ ਹੈ। ਤਫਤੀਸ਼ ਪੂਰੀ ਹੁੰਦਿਆਂ ਹੀ ਆਰੋਪੀਆਂ ਨੂੰ ਨੌਕਰੀ ਤੋਂ ਮੁਅਤਲ ਕਰ ਦਿੱਤਾ ਜਾਵੇਗਾ।

ਰੋਜ਼ਾਨਾ ਲੋਕ ਬਾਣੀ www.lokbani

# ਪਰਮਜੀਤ ਕੌਰ ਨੇ ਮਾਤਾ ਗੁਜਰੀ ਨਰਸਿੰਗ ਕਾਲਜ ਦੇ ਪਿਸੀਪਲ ਵਜੋਂ ਚਾਰਜ ਸੰਭਾਲਿਆ



ਧੂਰੀ (ਲੋਕ ਬਾਣੀ) ) ਮਾਤਾ ਗੁਜਰੀ ਨਰਸਿੰਗ ਕਾਲਜ ਬੱਬਨਪੁਰ ਦੇ ਪਿ੍ਸੀਪਲ ਦਾ ਪਰਮਜੀਤ ਕੌਰ ਨੇ ਚਾਰਜ ਸੰਭਾਲਿਆ । ਇਸ ਮੌਕੇ ਪਰਮਜੀਤ ਕੌਰ ਪ੍ਰਿੰਸੀਪਲ ਮਾਤਾ ਗੁਜਰੀ ਨਰਸਿੰਗ ਕਾਲਜ ਬੱਬਨਪੁਰ ਨੇ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਵੀਦੀਆਰਥਣਾਂ ਨੂੰ ਉੱਚ ਪੱਧਰੀ ਵਿੱਦਿਆ ਹਾਸਲ ਕਰਾਉਣ ਲਈ ਯਤਨਸ਼ੀਲ ਰਹਿਣਗੇ । ਇਸ ਮੌਕੇ ਡਾ ਬਲਵੀਰ ਸਿੰਘ ਪ੍ਰਿੰਸੀਪਲ ਦੇਸ ਭਗਤ ਕਾਲਜ ਬਰੜਵਾਲ , ਬਲਵੰਤ ਸਿੰਘ ਮੀਮਸਾ ਸਕੱਤਰ ਟਰੱਸਟ ਦੇਸ਼ ਭਗਤ ਕਾਲਜ ਬਰੜਵਾਲ , ਟਰੱਸਟੀ ਮੈਂਬਰ ਜਤਿੰਦਰ ਸਿੰਘ ਸੋਨੀ ਮੰਡੇਰ , ਜਗਦੇਵ ਸਿੰਘ ਸਲੇਮਪੁਰ ਟਰੱਸਟੀ ਮੈਂਬਰ , ਡਾ. ਅੰਮ੍ਰਿ ਸਿੰਘ ਮਡਾਹਰ ਵਾਇਸ ਪ੍ਰਿੰਸੀਪਲ ਦੇਸ ਭਗਤ ਕਾਲਜ ਬਰੜਵਾਲ ਅਤੇ ਕਾਲਜ ਸਟਾਫ ਹਾਜ਼ਰ ਸੀ ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
82880 21797
82880 21798
WWW.JSDCGROUP.COM
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements in Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in



St. Soldier GROUP OF INSTITUTIONS
EDUCATIONAL SINCE 1958
64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565